ਹਰਪ੍ਰੀਤ ਕੌਰ

ਹਰਪ੍ਰੀਤ ਕੌਰ ਪਿਛਲੇ ਕੁੱਝ ਸਮੇਂ ਤੋਂ ਪੰਜਾਬੀ ਅਤੇ ਹਿੰਦੀ ਵਿੱਚ ਲਗਾਤਾਰ ਕਵਿਤਾ ਲਿਖ ਰਹੀ ਹੈ। ਉਹਨਾਂ ਦੇ ਪੰਜਾਬੀ ਵਿੱਚ ਲਿਖੇ ਕਵਿਤਾ ਸੰਗ੍ਰਹਿ ਨੂੰ ਸਾਹਿਤ ਅਕਾਡਮੀ ਨਵੀਂ ਦਿੱਲੀ ਵੱਲੋਂ ਯੁਵਾ ਪੁਰਸ਼ਕਾਰ ਮਿਲ ਚੁੱਕਿਆ ਹੈ। ਇਸ ਤੋਂ ਇਲਾਵਾ ਭਾਰਤੀ ਭਾਸ਼ਾ ਪਰੀਸ਼ਦ, ਕਲਕੱਤਾ ਵੱਲੋਂ ਵੀ ਇਸ ਕਿਤਾਬ ਨੂੰ ਪੁਰਸਕ੍ਰਿਤ ਕੀਤਾ ਗਿਆ ਹੈ। ਹਿੰਦੀ ਦੇ ਸਾਹਿਤਕ ਰਸਾਲਿਆਂ ਵਿੱਚ ਹਰਪ੍ਰੀਤ ਦੀਆਂ ਕਵਿਤਾਵਾਂ ਅਕਸਰ ਚਰਚਾ ਦਾ ਵਿਸ਼ਾ ਬਣਦੀਆਂ ਹਨ। ਅੱਜਕੱਲ੍ਹ ਇਹ ਕਵਿੱਤਰੀ ਮਹਾਤਮਾ ਗਾਂਧੀ ਅੰਤਰਰਾਸ਼ਟਰੀ ਹਿੰਦੀ ਯੂਨੀਵਰਸਿਟੀ, ਵਰਧਾ (ਮਹਾਰਾਸ਼ਟਰ) ਵਿੱਚ ਬਤੌਰ ਅਸਿਸਟੇਂਟ ਪ੍ਰੋਫੈਸਰ ਸੇਵਾਵਾਂ ਦੇ ਰਹੀ ਹੈ। ਪੰਜਾਬੀ ਡਾਇਸਪੋਰਾ ਅਤੇ ਵਿਮਨ ਡਿਸਕੋਰਸ ਦੇ ਖੇਤਰ ਵਿੱਚ ਹਰਪ੍ਰੀਤ ਦਾ ਉਮਦਾ ਕੰਮ ਹੈ। ਇਸ ਦੇ ਨਾਲ-ਨਾਲ ਉਹ ਹਿੰਦੀ ਦੀਆਂ ਰਚਨਾਵਾਂ ਨੂੰ ਪੰਜਾਬੀ ਵਿੱਚ ਅਤੇ ਪੰਜਾਬੀ ਦੀਆਂ ਰਚਨਾਵਾਂ ਨੂੰ ਹਿੰਦੀ ਵਿੱਚ ਅਨੁਵਾਦ ਕਰਨ ਦਾ ਕੰਮ ਵੀ ਬਾਖ਼ੂਬੀ ਕਰ ਰਹੀ ਹੈ।

**Punjabi Sahit Publication**
Balian,Sangrur (148001)
Mob. 80548-69313, 98154-48958
E-mail. Punjabisahitpublication@gmail.com

ISBN 938523555-9
9789385235559
Rs 120/-

ਬੇਦਖ਼ਲੀ ਦੇ ਕਾਗ਼ਜ਼

ਹਰਪ੍ਰੀਤ ਕੌਰ

# ਬੇਦਖ਼ਲੀ ਦੇ ਕਾਗ਼ਜ਼

## ਹਰਪ੍ਰੀਤ ਕੌਰ



# ਬੇਦਖ਼ਲੀ ਦੇ ਕਾ.ਗਜ਼

ਹਰਪ੍ਰੀਤ ਕੌਰ

ਅਸਿਸਟੈਂਟ ਪ੍ਰੋਫੈਸਰ

ਅਨੁਵਾਦ ਅਧਿਐਨ ਵਿਭਾਗ

ਮਹਾਤਮਾ ਗਾਂਧੀ ਅੰਤਰਰਾਸ਼ਟਰੀ ਹਿੰਦੀ ਯੂਨੀਵਰਸਿਟੀ, ਵਰਧਾ, ਮਹਾਰਾਸ਼ਟਰ 442005.

ਮੋਬ: 081800-10696.

**ਭੁੱਲਣਾ**

(**ਇੱਕ**)

ਜਿਸ ਵੇਲੇ

ਉਸਨੇ ਰਸਤਾ ਪੁੱਛਿਆ

ਠੀਕ ਉਸੇ ਵੇਲੇ

ਇੱਕ ਜਾਦੂਗਰ ਆਪਣੇ ਜਾਦੂ ਨਾਲ

ਇੱਕ ਕੁੜੀ ਨੂੰ ਗਾਇਬ ਕਰ ਰਿਹਾ ਸੀ

ਮੈਂ ਰਸਤਾ ਦੱਸਿਆ

ਅਤੇ ਐਨ ਉਸੇ ਵੇਲੇ

ਜਾਦੂਗਰ ਦਾ ਜਾਦੂ ਟੁੱਟ ਗਿਆ।

(ਦੋ)

ਉਹ ਦੇਖਦਾ ਜਾਂਦਾ ਸੀ

ਅਤੇ ਭੁੱਲਦਾ ਜਾਂਦਾ ਸੀ

ਭੁੱਲਦਾ ਜਾਂਦਾ ਸੀ

ਅਤੇ ਦੇਖਦਾ ਜਾਂਦਾ ਸੀ

ਇਸ ਤਰ੍ਹਾਂ

ਦੇਖਦੇ ਜਾਣ ਵਿੱਚ ਭੁਲਦੇ ਜਾਣਾ ਰਲ਼ਦਾ ਜਾਂਦਾ ਸੀ

ਇਸ ਸਭ ਦੇ ਵਿਚਕਾਰ

ਇੱਕ ਥਾਂ ਸੀ ਜਿੱਥੇ ਲਿਖਿਆ ਸੀ

ਮੈਨੂੰ ਨਾਨਕੇ ਘਰ ਤੋਂ ਆਪਣੇ ਘਰ ਦਾ

ਰਸਤਾ ਪਤਾ ਹੈ

ਮੈਨੂੰ ਸਾਰਿਆਂ ਦੇ ਚਿਹਰੇ ਯਾਦ ਨੇ।

(ਤਿੰਨ)

ਉਸਨੇ ਜਾਣ ਦੇ

ਸਾਰੇ ਰਸਤੇ ਭੁਲਾ ਦਿੱਤੇ ਸਨ

ਉਸਨੂੰ ਲੱਗਦਾ ਸੀ

ਭੁਲਾਇਆ ਹੋਇਆ ਸਿਰਫ਼ ਇੱਕ ਸੀ

ਇਸੇ ਤਰ੍ਹਾਂ

ਉਹ ਇੱਕ ਦੇ ਭਰਮ ‘ਚ

ਦੂਸਰੇ ਨੂੰ ਵੀ ਗੁਆਉਂਦਾ ਜਾਂਦਾ ਸੀ।

(ਚਾਰ)

ਇਕ ਔਰਤ ਆਉਂਦੀ ਹੈ

ਘੁੰਮਣਾ ਭੁੱਲ ਜਾਂਦੇ ਨੇ

ਰਸਤੇ ਦੇ ਚੱਕੇ

ਐਨ ਉਸੇ ਵੇਲੇ

ਭੁੱਲਣ ਵਿਚਕਾਰ ਆ ਕੇ

ਜੁੜ ਜਾਂਦਾ ਹੈ ਇੱਕ ਬਲਦ

ਇਸੇ ਤਰ੍ਹਾਂ

ਪੂਰੀ ਹੁੰਦੀ ਹੈ ਇੱਕ ਕਵਿਤਾ।

**ਤੇਰੀਆਂ ਭੁੰਨੀਆਂ ਹੋਈਆਂ ਮੱਛੀਆਂ**

( **ਇੱਕ**)

ਤੂੰ ਜਿਸ ਕਿਸੇ ਨੂੰ

ਛੋਂਹਦਾ ਹੈਂ

ਉਹ ਪਾਣੀ ਵਿੱਚ ਡੁੱਬ ਜਾਂਦਾ ਹੈ

ਕੱਚੀਆਂ ਨੇ

ਅੰਦਰੋਂ ਆਪਣੇ ਪਾਣੀਆਂ ‘ਚ ਡੁੱਬੀਆਂ ਨੇ

ਤੇਰੀਆਂ

ਭੁੰਨੀਆਂ ਹੋਈਆਂ ਮੱਛੀਆਂ।

(ਦੋ)

ਮੇਜ਼ ਤੇ ਰੱਖੀਆਂ ਨੇ

ਤੇਰੀਆਂ ਭੁੰਨੀਆਂ ਹੋਈਆਂ ਮੱਛੀਆਂ

ਅਤੇ

ਰਸੋਈ ਘਰ ਵਿੱਚੋਂ ਰੋਟੀ ਥੱਲਣ ਦੀ ਆਵਾਜ਼ ਨਿੱਕਲ ਕੇ

ਪਾਣੀ ਵਿਚ ਤਰਨ ਚਲੀ ਗਈ ਹੈ।

( ਤਿੰਨ)

ਅੱਗ ਦੇ ਮੱਚਣ

ਪਾਣੀ ਦੇ ਤਰਨ ਦੇ ਸਵਾਦ ਤੋਂ ਬਿਨਾਂ

ਬਾਕੀ ਸਾਰੀਆਂ ਚੀਜ਼ਾਂ ਤੋਂ

ਮੁਕਤ ਨੇ

ਤੇਰੀਆਂ ਭੁੰਨੀਆਂ ਹੋਈਆਂ ਮੱਛੀਆਂ।

**ਜੇ ਉਹ ਹੁੰਦਾ ਤਾਂ**

(**ਇੱਕ**)

ਸੁਣ

ਉਹ ਹੀ ਸੀ

ਨਹੀਂ

ਉਹ ਨਹੀਂ ਸੀ

ਹੋਰ ਸੀ ਕੋਈ

ਉਹ ਹੁੰਦਾ

ਤਾਂ

ਜਾਂਦਾ ਕਿਉਂ।

(**ਦੋ**)

– ਸੁਣ ਕੋਈ ਆਇਆ

ਕੌਣ ?

– ਉਹ ਹੀ

ਉਹ ਨਹੀਂ

ਹੋਰ ਹੋਣਾ ਕੋਈ

ਉਹ ਹੁੰਦਾ ਤਾਂ ਆਉਂਦਾ ਕਿਉਂ।

**ਪਤਾ ਨਹੀਂ**

(**ਇੱਕ**)

ਭੁੱਲੇ ਹੋਏ

ਵਿਛੜੇ ਹੋਏ

ਪਤਾ ਨਹੀਂ–

ਵਿਛੜੇ ਪਹਿਲਾਂ ਸੀ

ਜਾਂ ਪਹਿਲਾਂ ਭੁੱਲ ਗਏ ਸੀ

ਤੇ ਫਿਰ ਵਿਛੜੇ ਸੀ

ਪਤਾ ਨਹੀਂ।

(ਦੋ)

ਅਸੀਂ ਇੱਕੋ ਜਿਹੇ ਦੋ ਹਾਂ

ਸਾਡੇ ਦੋਹਾਂ ਚ ਕੋਈ ਫਰਕ ਨਹੀਂ

ਮੁਹਾਂਦਰੇ ਤਾਂ ਇੰਜ ਮਿਲਦੇ ਨੇ

ਜੀਕਣ ਇੱਕੋਂ ਕੁੱਖੋਂ ਜਨਮ ਲਿਆ ਹੋਵੇ

ਕੋਈ ਇੱਕ ਨੂੰ ਆਵਾਜ਼ ਦੇਂਦਾ ਹੈ ਤਾਂ

ਦੂਸਰਾ ਨੱਸ ਕੇ ਆ ਜਾਂਦਾ ਹੈ

ਪਤਾ ਨਹੀਂ

ਇੰਨੀ ਸਮਾਨਤਾ

ਸਾਡੇ ਲਈ ਸ਼ਰਾਪ ਹੈ ਜਾਂ ਵਰਦਾਨ।

**ਹੱਸ**

(**ਇੱਕ**)

ਕਿੰਨੀ ਚਾਹ

ਕਿੰਨੇ ਰਾਹ

ਕਿੰਨੀ ਧੁੱਪ

ਕਿੰਨੀ ਛਾਂ

ਪਹਿਲਾਂ ਸਭ ਸਾਨੂੰ ਦੱਸ

ਫਿਰ ਸਾਡੇ ਨਾਲ ਹੱਸ

(ਦੋ)

ਆ ਲੈ ਸ਼ਾਮ

ਆ ਲੈ ਰਾਤ

ਆ ਲੈ ਸਿਖ਼ਰ ਦੁਪਹਿਰ

ਆ ਲੈ ਆਖ਼ਰੀ ਵਾਰੀ

ਕੀਕਲੀ ਤੂੰ ਪਾ

ਅੱਜ ਸਾਡੇ ਨਾਲ ਗਾ

ਸਾਡੇ ਦੁਖੜੇ ਸੁਹੇਲੇ

ਹੁਣ ਰੋਵੀਂ ਨਾ ਕੁਵੇਲੇ

ਪਿੰਡ ਵੱਲ ਜਾਂਦੀ ਹੋਈ ਆਖ਼ਰੀ ਇਹ ਬੱਸ

ਆ ਜਾ ਸਾਡੇ ਨਾਲ ਹੱਸ

**ਮੈਨੂੰ ਸੁਣਨ ਤੋਂ ਪਹਿਲਾਂ**

ਮੈਂ ਜਦ ਉਸਨੂੰ ਮਿਲਿਆ ਸੀ

ਉਹ ਕੁਝ ਗਾ ਰਹੀ ਸੀ

ਮੈਨੂੰ ਦੇਖਦਿਆਂ ਹੀ ਚੁੱਪ ਹੋ ਗਈ

ਮੈਂ ਹਾਲੇ ਕਿੰਨਾ ਕੁੱਝ ਦੱਸਣਾ ਸੀ ਉਸਨੂੰ

ਜੀਕਣ ਹੀ ਮੈਂ ਉਸ ਵੱਲ ਦੇਖਿਆ

ਉਹ ਮੈਥੋਂ ਡਰ ਗਈ

ਮੈਂ ਨਹੀਂ ਜਾਣਦਾ

ਮੈਨੂੰ ਸੁਣਨ ਤੋਂ ਪਹਿਲਾਂ

ਮੇਰੇ ਬਾਰੇ ਉਹ ਕੀ ਜਾਣਦੀ ਸੀ

**ਤੂੰ ਆਵੇਂ ਤਾਂ**

ਰੇਲਗੱਡੀਆਂ ਦੇ ਸ਼ਹਿਰ

ਰੇਲਗੱਡੀਆਂ ਦੇ ਦੇਸ਼

ਮਿਲ ਰਹੀਆਂ ਨੇ ਟਿਕਟਾਂ

ਤੂੰ ਆਵੇਂ ਤਾਂ

ਆਪਾਂ ਆਪਣੀਆਂ

ਅਧੂਰੀਆਂ ਯਾਤਰਾਵਾਂ

ਪੂਰੀਆਂ ਕਰ ਲਈਏ।

**ਡਾਕੀਆ**

**(ਇੱਕ)**

ਡਾਕੀਆ

ਡਾਕ ਲਿਆ

ਡਾਕ ਨਹੀਂ ਤਾਂ

ਅੱਖ਼ਰ ਲਿਆ

ਅੱਖ਼ਰ ਟੁੱਟਣ

ਭਾਂਡੇ ਫੁੱਟਣ

ਓਮਰਾ ਜਾਵੇ

ਖ਼ਬਰ ਲਿਆ

ਮੋਇਆਂ ਦੀ ਵੀ ਡਾਕ ਲਿਆ

ਪਤਾ ਬਦਲਿਆ

ਸ਼ਹਿਰ ਬਦਲਿਆ

ਆਪਣਿਆਂ ਨੂੰ ਸੱਦ-ਬੁਲਾ

ਬੱਦਲ ਬਰਸਣ

ਮੌਸਮ ਬਦਲਣ

ਬਦਲੇ ਮਨ ਦਾ ਸਾਂਝੀ ਲਿਆ

ਚਿੱਠੀ, ਪੱਤਰ, ਤਾਰ ਲਿਆ

ਜੋ ਵੀ ਮਿਲੇ ਉਧਾਰ ਲਿਆ।

(ਦੋ)

ਅਸਾਡੀ ਨਹੀਂ ਹੋਣੀ

ਇਹ ਚਿੱਠੀ ਡਾਕੀਆ

ਕਿਸੇ ਹੋਰ ਦੀ ਹੋਣੀ

ਅਸਾਡੀ ਤਾਂ ਨਹੀਂ ਸੀ ਆਉਣੀ

ਕੋਈ ਚਿੱਠੀ

ਅਸਾਂ ਨਹੀਂ ਲਿਖੀ

ਅਸਾਂ ਨਹੀਂ ਪੜ੍ਹਨੀ

ਕੋਈ ਚਿੱਠੀ ਡਾਕੀਆ।

(ਤਿੰਨ)

ਸਾਡੀਆਂ ਯਾਤਰਾਵਾਂ

ਅਸਾਡੇ ਸੁਪਨੇ

ਲੈ ਜਾਵੇਗਾ

ਇਕ ਦਿਨ

ਕੋਈ ਡਾਕੀਆ

ਜਦ ਨਹੀਂ ਮਿਲੇਗੀ ਉਸ ਨੂੰ

ਇੱਕ ਦੂਸਰੇ ਲਈ ਲਿਖੀ

ਅਸਾਡੀ ਕੋਈ ਚਿੱਠੀ

**ਕਿੰਨੇ ਦਿਨ**

ਕਿੰਨੀਆਂ ਰਾਤਾਂ

ਕਿੰਨੇ ਦਿਨ

ਕਦੀ ਬੈਠ

ਕਦੀ ਗਿਣ

ਮੈਨੂੰ

ਸੁਣ

ਮੈਨੂੰ ਗਾ

ਕਦੀ

ਸੱਚੀ-ਮੁੱਚੀ ਆ।

**ਤੇਰੇ ਨਾਲ**

ਤੇਰੇ ਨਾਲ

ਸਭ ਕੁੱਝ ਹਰਿਆ-ਭਰਿਆ ਲੱਗਦਾ ਹੈ

ਸਭ ਕੁੱਝ ਭਰਿਆ-ਪੂਰਿਆ

ਸਾਰੇ ਪਹੀਏ ਘੁੰਮਦੇ ਹੋਏ

ਸਾਰੇ ਪੰਛੀ ਉੱਡਦੇ ਹੋਏ

ਸਾਰੇ ਨਕਸ਼ੱਤਰ

ਸਾਰੇ ਮਨੁੱਖ

ਚਲਦੇ ਹੋਏ

ਤਰਦੇ ਹੋਏ

ਭੱਜਦੇ ਹੋਏ

ਤੇਰੇ ਨਾਲ

ਸਭ ਕੁੱਝ ਹਰਿਆ-ਭਰਿਆ

ਭਰਿਆ-ਪੂਰਾ ਲੱਗਦਾ ਹੈ

ਮਾਂ ਹੀ

ਪਤਾ ਨਹੀਂ ਕਿਉਂ ਹੋ ਜਾਂਦੀ ਹੈ ਉਦਾਸ

ਮੈਨੂੰ ਤੇਰੇ ਨਾਲ

ਦੇਖ ਕੇ

ਉਸਨੇ ਆਪਣੇ ਖਾਵੰਦ ਨੂੰ ਕਿਹਾ

ਤੇ ਉਦਾਸ ਹੋ ਗਈ।

**ਦੱਸ ਤਾਂ**

ਕਿਹੜੀਆਂ ਛੁੱਟੀਆਂ ਨੇ

ਜੋ ਨਾਨਕੇ ਪਿੰਡ ਜਾਣ ਲਈ ਮਿਲਦੀਆਂ ਨੇ

ਕਿਹੜਾ ਮਾਸਟਰ ਦਿੰਦਾ ਹੈ

ਦੱਸ ਤਾਂ

ਉਹ ਕਿਹੜੀ ਸ਼ਾਹ ਕੋਠੜੀ ਹੈ

ਜਿੱਥੇ ਜਾਦੂਗਰ ਆਪਣੇ ਪੈਰ ਛੱਡ ਆਉਂਦਾ ਹੈ

ਦੱਸ ਤਾਂ..

ਇਹ ਕਾਹਲੀ ਪੈਣਾ ਕੀ ਹੁੰਦਾ ਹੈ

ਤੇ ਉਹ ਕੀ ਹੈ ਜੋ ਕਾਂ ਵਾਂਗਰ ਤੇਰੀ ਤਲੀ ਚੋਂ ਉੱਡਦਾ ਹੈ

ਤੇ ਬਗਲਾ ਬਣ-ਬਣ ਨਿਕਲਦਾ ਹੈ

ਦੱਸ ਤਾਂ

ਇਹ ਜੀ ਲੱਗਣਾ ਕਿਹਨੂੰ ਕਹਿੰਦੇ ਨੇ

ਤੇ ਉਦਾਸ ਹੋਣਾ ਕੀ ਹੁੰਦਾ

ਤੇ ਤਲਵੰਡੀ ਵੱਲ ਕਿਹੜਾ ਰਾਹ ਜਾਂਦਾ ਹੈ

ਦੱਸ ਤਾਂ!!!

**ਇੰਨੇ ਕੁਵੇਲੇ**

ਆਪਾਂ, ਆਪੋ-ਆਪਣੇ

ਅੰਬਰਾਂ ਓਹਲੇ

ਵਿੱਚ-ਵਿਚਾਲੇ

ਉਡਣ-ਖਟੋਲੇ

ਚੇਤਰ ਚੜ੍ਹਿਆ

ਤੇਰੀਆਂ ਅੱਖਾਂ ਮੇਰੀਆਂ ਅੱਖਾਂ

ਆਥਣ ਰੱਖਾਂ

ਕੁੱਝ ਵੀ ਰੱਖਾਂ

ਆਂਡ-ਗੁਆਂਢੇ

ਵੱਜਣ ਭਾਂਡੇ

ਰਾਤ ਹੰਡਾਈਏ

ਰੁੱਤ ਲੰਘਾਈਏ

ਹਾਣੋ-ਹਾਣੀ ਰਲ ਮਿਲ ਗਾਈਏ

ਕਿੱਕਲੀ ਪਾਈਏ

ਕਿੱਕਲੀ ਛੋਟੀ

ਹੋਰ ਵਧਾਈਏ

ਰੁੱਸ-ਰੁੱਸ ਜਾਈਏ

ਇੰਨੇ ਕੁਵੇਲੇ

ਘਰ ਨੂੰ ਜਾਈਏ।

**ਅੱਜ**

ਇੱਕ ਇਸਤਰੀ

ਇੱਕ ਬੱਚਾ

ਇੱਕ ਬਿਰਖ

ਮਿਲੇ ਰਸਤੇ ਵਿੱਚ

ਹੋਰ ਵੀ ਮਿਲਿਆ ਬਹੁਤ ਕੁੱਝ

ਯਾਦ ਨਹੀਂ ਜੋ ਵੀ ਮਿਲਿਆ

ਯਾਦ ਹੈ ਸਿਰਫ਼ ਉਹ

ਜੋ ਮਿਲ ਸਕਦਾ ਸੀ, ਪਰ ਗੁਜਰ ਗਿਆ

ਇੱਕ ਇਸਤਰੀ ਇੱਕ ਬੱਚਾ ਇੱਕ ਬਿਰਖ

ਤੇ ਉਹ

ਹਾਂ ਉਹ ਵੀ

ਜੋ ਬਹੁਤ ਦੂਰ ਖੜ੍ਹਾ ਸੀ

ਇਹ ਤਾਂ ਮੈਂ ਅੱਜ ਸਵੇਰ ਦੀ ਗੱਲ ਕੀਤੀ ਹੈ

ਕੱਲ੍ਹ ਹੋ ਸਕਦਾ ਹੈ, ਉਹ ਨਾ ਹੋਵੇ

ਮਸਲਨ ਕੋਈ ਹਾਥੀ, ਘੋੜ੍ਹਾ, ਕੋਈ ਮਸਤ ਕਲੰਦਰ

ਕੋਈ ਮੁਸਾਫ਼ਿਰ

ਜਾਂ ਫਿਰ ਕੋਈ ਇਸਤਰੀ।

**ਫਿਰ ਕਦੇ**

ਆ, ਆ ਕੇ ਮੇਰੀਆਂ ਅੱਖਾਂ ਚੁੰਮ

ਮੈਨੂੰ ਗਲਵੱਕੜੀ ਪਾ

ਤੇ ਫਿਰ ਮੇਰੇ ਨਾਲ ਸੌਂ ਜਾ

ਨਹੀਂ, ਨਹੀਂ ਅੱਜ ਦੀ ਰਾਤ ਤਾਂ

ਆਪਾਂ ਉਸ ਸਫ਼ੇਦੇ ਬਾਰੇ ਗੱਲਾਂ ਕਰਾਂਗੇ

ਜਿਸਦੇ ਪੱਤਿਆਂ ਦੇ ਗੋਲੇ ਆਪਾਂ ਅਸਮਾਨ ਚ ਘੱਲੇ ਸੀ

ਜੋ ਅੱਜ ਵੀ ਆਪਣੇ ਬੱਚਿਆਂ ਦੇ ਉੱਡਣ ਖਟੋਲੇ ਬਣ-ਬਣ

ਉਤਰਦੇ ਨੇ

ਤੂੰ ਮੇਰੀਆਂ ਅੱਖਾਂ

ਕਦੇ ਫਿਰ ਚੁੰਮ ਲੈਣਾ

ਕਦੇ ਫਿਰ, ਕਿਸੇ ਦੂਸਰੀ ਰਾਤ ਮੇਰੇ ਨਾਲ ਸੌਂ ਲੈਣਾ

ਅੱਜ ਤਾਂ ਆਪਾਂ ਸਿਰਫ ਗੱਲਾਂ ਕਰਾਂਗੇ

ਉਸਨੇ ਆਪਣੇ ਖਾਂਵੰਦ ਨੂੰ ਕਿਹਾ

ਤੇ ਜੀਭ ਬਾਹਰ ਕੱਢ ਲਈ।

## ਓਪਰੇ

ਮੈਂ ਜੋ ਕਦੇ-ਕਦਾਈਂ ਡਰ ਜਾਂਦਾ ਹਾਂ

ਤੇ ਤ੍ਰਭਕ ਕੇ ਉੱਠਦਾ ਹਾਂ

ਡਰ

ਕਿ ਸਾਰੀਆਂ ਚੀਜਾਂ ਓਪਰੀਆਂ ਜਾਪਦੀਆਂ ਨੇ

ਮੈਂ ਆਪਣੇ ਦੋਸਤਾਂ ਨੂੰ ਪੁਕਾਰਦਾ ਹਾਂ

ਸਾਰੇ ਨੱਸ-ਨੱਸ ਆਉਂਦੇ ਨੇ

ਤੇ ਸਾਰੇ ਓਪਰੇ ਜਾਪਦੇ ਨੇ

ਇਕ ਕੁੜੀ ਆਉਂਦੀ ਹੈ

ਓਪਰੀ ਜਾਪਦੀ ਹੈ

ਕਹਿੰਦੀ ਹੈ ਪਛਾਣਿਆ ?

ਮੈਂ ਤੈਨੂੰ ਕਿੰਨੀ ਵਾਰ ਗੁਆਚੇ ਰਾਹ ਦੱਸੇ ਨੇ

ਕਿੰਨੀ-ਕਿੰਨੀ ਵਾਰ ਤੇਰੇ ਲਈ ਇੱਕ ਘਰ ਬਣਾਇਆ ਹੈ

ਕਮਾਲ ਹੈ ਘਰ ਬਣਾਉਣ ਵਾਲੇ ਵੀ ਓਪਰੇ ਜਾਪਦੇ ਨੇ

ਮੈਂ ਇਹਨਾਂ ਓਪਰਿਆਂ ਕੋਲੋਂ ਨੱਸ ਕੇ ਦੂਰ ਜਾਣਾ ਹੈ

ਮੈਂ ਜਿਸ ਬਾਰੀ ਤੇ ਟਿਕਟ ਲੈਣ ਲਈ ਖੜ੍ਹਾ ਹਾਂ

ਉਹ ਸਾਰਿਆਂ ਨੂੰ ਓਥੇ ਜਾਣ ਦੀ ਟਿਕਟ ਦੇ ਰਿਹਾ ਹੈ

ਜਿੱਥੇ ਮੈਂ ਜਾਣਾ ਹੈ

ਪਤਾ ਨਹੀਂ ਇਹਨਾਂ ਓਪਰਿਆਂ ਨਾਲ

ਯਾਤਰਾ ਵਿਚ ਆਪਣਾ ਕੀ ਗੁਆਚ ਜਾਵੇ

ਮੈਂ ਡਰ ਕੇ ਨੱਸ ਰਿਹਾ ਹਾਂ

ਮਾਂ ਆਵਾਜ਼ਾਂ ਮਾਰ ਰਹੀ ਹੈ

ਰੋਜ਼ ਸਵੱਖਤੇ ਚਾਹ ਠੰਡੀ ਹੋ ਜਾਂਦੀ ਹੈ

ਮੈਂ ਮਾਂ ਦੀ ਆਵਾਜ਼ ਦੀ ਰੱਸੀ ਫੜ੍ਹੀ

ਨੱਸ ਰਿਹਾਂ ਹਾਂ ਤੇ ਆਖ ਰਿਹਾ ਹਾਂ

ਮਾਂ ਇੱਥੇ ਘੁੱਪ ਹਨੇਰਾ ਹੈ

ਮੈਨੂੰ ਡਰ ਲੱਗ ਰਿਹਾ ਹੈ

ਜਦ ਤੀਕ ਮੈਂ ਤੇਰੇ ਤਾਈਂ ਪਰਤ ਨਾ ਆਵਾਂ

ਆਵਾਜ਼ਾਂ ਮਾਰਦੀ ਰਹਿ

ਮਾਂ ਹੱਸ ਰਹੀ ਹੈ

ਤੇ ਕਹਿ ਰਹੀ ਹੈ

ਸਿਧਰਿਆਂ ਲਈ ਹੀ ਦੁਨੀਆਂ ਇੰਨੀ ਉਲਝੀ ਕਿਉਂ ਹੁੰਦੀ ਹੈ

**ਮੇਰੀ ਤੀਵੀਂ**

**(ਇੱਕ)**

ਜੂੜੇ ਦਾ ਕਲਿੱਪ

ਟੰਗ ਦਿੰਦੀ ਹੈ ਕਿੱਧਰੇ

ਕਿਸੇ ਵੀ ਕੰਧ ਤੇ

ਲਾ ਦਿੰਦੀ ਹੈ ਬਿੰਦੀ

ਕਿੱਧਰੋਂ ਵੀ ਸ਼ੁਰੂ ਕਰਕੇ

ਕਿਸੇ ਵੀ ਤਰ੍ਹਾ ਹੂੰਝ ਲੈਂਦੀ ਹੈ ਘਰ

ਕਿਸੇ ਵੀ ਗੀਤ ਨੂੰ

ਅੱਧ ਵਿੱਚੋਂ ਗਾ ਕੇ

ਛੱਡ ਦਿੰਦੀ ਹੈ ਅੱਧ ਵਿਚਾਲੇ

ਉਹ ਵੇਖ ਤੇਰੇ ਵਰਗਾ ਆਦਮੀ

ਕਹਿਕੇ ਖਿੜ੍ਹ-ਖਿੜ੍ਹ ਕੇ ਹੱਸ ਪੈਂਦੀ ਹੈ

ਵਿਚ ਬਾਜ਼ਾਰ

ਕਿਸੇ ਵੀ ਵੇਲੇ

ਕਰ ਲੈਂਦੀ ਹੈ ਕੁੱਝ ਵੀ

ਕਿੰਨੀ ਆਜ਼ਾਦ ਖ਼ਿਆਲ ਹੈ

ਮੇਰੀ ਤੀਵੀਂ

(ਦੋ)

ਧੋਣ ਲਈ

ਰੱਖ ਆਇਆਂ ਸਵੈਟਰ

ਹਾਲੇ ਕਿਸੇ ਰੰਗ ਦੀ

ਗਰਿਫ਼ਤ ਵਿਚ ਹੈ ਉਹ

ਦੁੱਧ ਵਿਚ ਥੋੜ੍ਹਾ ਜਿਹਾ ਕੇਸਰ ਮਿਲਾ ਦੇਵਾਂ

ਕਈ ਵਾਰ ਰੰਗ ਬਦਲਣ ਨਾਲ ਵੀ

ਬਦਲ ਜਾਂਦੀ ਹੈ ਤਾਸੀਰ

ਕਹਿ ਕੇ ਹੱਸ ਰਹੀ ਹੈ

ਮੇਰੀ ਤੀਵੀਂ

(ਤਿੰਨ)

ਪਤਾ ਨਹੀਂ ਕੀ ਸੀ

ਏਨਾ ਉਧੜਿਆ

ਘਰ ਵਿੱਚ

ਸਾਰੀ ਰਾਤ

ਚਲਦੀ ਰਹੀ ਮਸ਼ੀਨ

ਸਿਉਂਦੀ ਰਹੀ

ਮੇਰੀ ਤੀਵੀਂ

(ਚਾਰ)

ਦੁੱਧ ਵਾਲੇ ਨਾਲ

ਗੱਲਾਂ ਕਰਦੀ ਰਹੀ

ਦੇਰ ਤੀਕ

ਫੋਨ ਤੇ ਬਣੀ ਰਹੀ ਚੁੱਪ

ਮੇਰੀ ਤੀਵੀਂ

(**ਪੰਜ**)

ਚਲਦਾ ਰਿਹਾ ਨਲਕਾ

ਧੋਂਦੀ ਰਹੀ ਕੱਪੜੇ

ਪੂੰਝਦੀ ਰਹੀ ਰੌਸ਼ਨਦਾਨ

ਧੋ-ਧੋ ਕੇ ਸਜਾਉਂਦੀ ਰਹੀ ਭਾਂਡੇ

ਲਾਹੁੰਦੀ ਰਹੀ ਜਾਲ਼ੇ

ਉਮਰ ਭਰ

ਝਾੜਦੀ ਰਹੀ ਧੂੜ

ਪਤਾ ਨਹੀਂ ਕੀ ਸੀ

ਏਨਾ ਮੈਲਾ

ਘਰ ਵਿਚ

**ਮੇਰੀ ਕਵਿਤਾ ਵਿਚਲੀ ਕੁੜੀ**

(**ਇੱਕ**)

ਮੇਰੀ ਕਵਿਤਾ ਵਿਚਲੀ ਕੁੜੀ ਨੂੰ

ਕਹਿਣਾ ਚਾਹੁੰਦਾ ਹਾਂ

ਤੂੰ ਦੁਨੀਆਂ ਦੀ ਸਭ ਤੋਂ ਪਿਆਰੀ ਕੁੜੀ ਹੈਂ

ਜੀਕਣ ਹੀ ਕਹਿਣ ਲਈ ਵਧਦਾ ਹਾਂ

ਉਹ ਕਹਿੰਦੀ ਹੈ-

ਮੇਰੀ ਤਾਂ ਕੁੜਮਾਈ ਹੋ ਗਈ

ਜਾ ਕਿਸੇ ਹੋਰ ਨੂੰ ਕਵਿਤਾ ਵਿੱਚ ਲਿਆ

ਮੈਂ ਉਸ ਨੂੰ ਫਿਰ ਕਹਿੰਦਾ ਹਾਂ-

ਨਹੀਂ;ਨਹੀਂ, ਕਵਿਤਾ ਵਿਚ ਆ ਜਾਣ ਨਾਲ

ਕਿਸੇ ਦਾ ਕੁੱਝ ਨਹੀਂ ਗੁਆਚਦਾ

ਜੀਕਣ ਹੀ ਕਹਿਣ ਨੂੰ ਜਾਂਦਾ ਹਾਂ

ਉਹ ਮੇਰੀ ਕਵਿਤਾ ਤੋਂ ਦੂਰ ਚਲੀ ਜਾਂਦੀ ਹੈ
ਫਿਰ ਵਰ੍ਹਿਆਂ ਤੀਕ ਵਾਪਿਸ ਹੀ ਨਹੀਂ ਆਉਂਦੀ ਹੈ।

(ਦੋ)

ਉਸਨੂੰ ਕਿਧਰੇ ਜਾਣ ਦੀ ਕਾਹਲੀ ਹੈ
ਅਚਾਨਕ ਮੇਰੇ ਨਾਲ ਟਕਰਾ ਗਈ ਹੈ
ਅਤੇ ਇਕਦਮ ਘਬਰਾ ਗਈ ਹੈ

ਜੀਕਣ ਮੈਂ ਉਸਦੀ ਕੋਈ ਚੋਰੀ ਫੜ ਲਈ ਹੋਵੇ
ਜਿਸਨੂੰ ਕਵਿਤਾ ਵਿਚ ਲਿਖ ਕੇ
ਮੈਂ ਸਾਰਿਆਂ ਨੂੰ ਸੁਣਾ ਦੇਵਾਂਗਾ
ਤੇ ਸਭ ਜਾਣ ਜਾਣਗੇ
ਕਿ ਉਸ ਦਿਨ ਉਹ ਕਿੱਥੇ ਗਈ ਸੀ।

(ਤਿੰਨ)

ਨੀਂਦ ਚੋਂ ਉੱਠ ਕੇ
ਬੈਠ ਗਿਆਂ ਹਾਂ

ਅੱਧੀ ਰਾਤੀਂ

ਕਵਿਤਾ ਵਿਚ ਲਿਆਉਣਾ ਚਾਹੁੰਦਾ ਹਾਂ ਉਸਨੂੰ

ਉਹ ਹੈ ਕਿ ਹਾਲੇ ਸਬਜ਼ੀ ਕੱਟ ਰਹੀ ਹੈ

ਫਿਰ ਕੱਪੜੇ ਤੈ ਕਰੇਗੀ

ਫਿਰ ਪਤਾ ਨਹੀਂ ਕੀ-ਕੀ ਕਰੇਗੀ

ਤਦ ਤੀਕ ਤਾ ਸੌਂ ਹੀ ਜਾਵਾਂਗਾ ਮੈਂ।

(ਚਾਰ)

ਮੇਰੇ ਨਾਲ

ਲੰਗੜਾ ਸ਼ੇਰ, ਪਿਚੋ, ਗੀਟੇ, ਟੱਪਾ ਖੇਡੇਗਾਂ ?

ਖਹਿ ਕੇ ਮੇਰੇ ਪਿੱਛੇ-ਪਿੱਛੇ ਨੱਸਣ ਲੱਗਦੀ ਹੈ

ਜੀਕਣ ਹੀ ਮੈਂ ਜਿੱਤਣ ਲੱਗਦਾਂ

ਉਹ ਮੇਰੇ ਤੋਂ ਹਾਰਣ ਲੱਗਦੀ ਹੈ

ਕਹਿੰਦੀ ਹੈ-

ਕਵਿਤਾ ਚ ਮੈਨੂੰ ਰੋਂਦਿਆਂ ਵੇਖ ਕੇ

ਹਾਰਣ ਲੱਗਦਾ ਹੈਂ ਨਾ ਤੂੰ

ਖੇਲ ਵਿਚ ਤੈਨੂੰ ਜਿਤਾ ਕੇ

ਹਾਰਣਾ ਚਾਹੁੰਦੀ ਹਾਂ ਮੈਂ

ਸਾਡੇ ਪਿੰਡ ਚ ਮਹਿਮਾਨਾਂ ਨੂੰ ਹਰਾਉਣ ਦਾ ਰਿਵਾਜ ਨਹੀਂ

ਹਾਰਨਾ ਹੀ ਹੈ ਤਾਂ ਜਾ ਕਿਧਰੇ ਹੋਰ ਜਾ ਕੇ ਖੇਡ

ਇੰਨੀ ਵੱਡੀ ਗੱਲ ਕਹਿ ਕੇ

ਹੱਸਣ ਲੱਗਦੀ ਹੈ ਖਿੜ-ਖਿੜ

ਮੇਰੀ ਕਵਿਤਾ ਵਿਚਲੀ ਕੁੜੀ।

**(ਪੰਜ)**

ਖੇਤ ਚ ਲੱਸੀ ਦੇ ਕੇ

-ਆ ਰਹੀ ਹੈ ਸਿਖ਼ਰ ਦੁਪਹਿਰੇ

ਕੋਈ ਹੈ ਕਿ ਸੁਣਦਾ ਹੀ ਨਹੀਂ

ਕਿ ਉਸ ਕੋਲ ਲੱਸੀ ਹੈ

ਜਿਸ ਨਾਲ ਬੁੱਝ ਸਕਦੀ ਹੈ ਪਿਆਸ।

ਟਿਊਬਵੈੱਲ ਦੀ ਘਰਰ-ਘਰਰ ਚ

ਕਿਸਨੂੰ ਸੁਣਦੀ ਹੈ ਉਸਦੀ ਆਵਾਜ਼

ਮੈਂ ਹਾਂ ਕਿ

ਚਾਹੁੰਦਾ ਹਾਂ

ਉਹ ਲੱਸੀ ਰੱਖ ਕੇ ਕਾਹਲੀ-ਕਾਹਲੀ ਪਰਤ ਆਵੇ

ਮੇਰੀ ਕਵਿਤਾ ਚ

ਖਾਲੀ ਹੱਥ।

(**ਛੇ**)

ਕੰਨ ਵਿਚ ਪੰਜਵਾਂ ਛੇਕ ਕਰਵਾ ਕੇ

ਕਹਿ ਰਹੀ ਹੈ ਮੈਨੂੰ-

ਉਹ ਸਾਹਮਣੇ ਵੇਖ

ਮੁਰਕੀਆਂ ਵਾਲਾ ਪਿੰਡ

ਸਾਰੀਆਂ ਕੁੜੀਆਂ ਦੇ ਕੰਨਾਂ ਚ

ਪੰਜ-ਪੰਜ ਛੇਕ ਨੇ

ਹੇ ਵਹਿਗੁਰੂ

ਵੇਖਿਆ ਹੈ ਕੋਈ ਪਿੰਡ ਕਿਤੇ ਕੁੜੀਆਂ ਦੇ ਨਾਮ ਨਾਲ ਮਸ਼ਹੂਰ

ਉਥੋਂ ਹੀ ਪੜਵਾਏ ਨੇ

ਛੱਬੀ, ਅੱਕੀ, ਬੀਟਾ , ਰਾਣੋ ਸਾਰਿਆਂ ਨੇ

ਤੈਨੂੰ ਤਾਂ ਚਿੜੀ ਉੱਡ ਕਾਂ ਉੱਡ ਵੀ ਖੇਡਣਾ ਨਹੀਂ ਆਉਂਦਾ

ਭਲਾਂ ਤੇਰੇ ਕਹਿਣ ਨਾਲ ਥੋੜ੍ਹੀ ਉੱਡਣ ਲੱਗ ਪੈਣਗੀਆਂ ਸਾਰੀਆਂ ਚੀਜ਼ਾਂ

ਅਤੇ ਹਾਂ, ਤੇਰੇ ਕਹਿਣ ਨਾਲ

ਥੋੜ੍ਹੀ ਨਾ ਆ ਜਾਵਾਂਗੀ ਤੇਰੀ ਕਵਿਤਾ ਚ ਮੈਂ

ਠੀਕ ਓਵੇਂ

ਜਿਵੇਂ ਕਿ ਮੈਂ ਹਾਂ

(ਸੱਤ)

ਮੇਰੀ ਕਵਿਤਾ ਵਿਚਲੀ ਕੁੜੀ ਨੂੰ

ਇਹ ਪਤਾ ਹੈ

ਕਿ ਮੈਨੂੰ ਸਭ ਪਤਾ ਹੈ

ਮੈਨੂੰ ਵੀ ਇਹ ਪਤਾ ਹੈ

ਕੀ ਉਸਨੂੰ ਸਭ ਪਤਾ ਹੈ

ਦਰਅਸਲ

ਕਵਿਤਾ ਤੋਂ ਬਾਹਰ ਸਾਨੂੰ

ਇਕ ਦੂਸਰੇ ਬਾਰੇ ਕੁੱਝ ਵੀ ਨਹੀਂ ਪਤਾ ਹੈ

## ਇਕੱਲੀ ਰਹਿੰਦੀ ਬੇਟੀ ਦੇ ਪਿਤਾ

**(ਇੱਕ)**

ਪਿਆਰ ਕਵਿਤਾ ਵਿਚ

ਆਉਂਦੇ-ਆਉਂਦੇ ਠਿਠਕ ਗਏ ਪਿਤਾ

ਪਤਾ ਨਹੀਂ ਧੀ ਨੇ

ਕੁੰਡੀ ਲਾਈ ਹੋਈ ਜਾਂ ਨਹੀਂ

ਪਤਾ ਨਹੀ ਏਨਾ ਸਮਝਾਉਣ ਤੋਂ ਬਾਅਦ ਵੀ

ਕਿਉਂ ਜਗਦੀ ਰਹਿੰਦੀ ਹੈ ਬੱਤੀ

ਧੀ ਦੇ ਘਰ ਆਏ ਨੇ

ਘਰ ਭਾਵੇਂ ਕਵਿਤਾ ਹੀ ਹੈ

ਪਹਿਲਾਂ ਹੱਥ ਮੂੰਹ ਧੋਣਗੇ

ਫਿਰ ਲੱਸੀ-ਦੁੱਧ ਜਿਹਾ ਕੁਝ ਲੈਣਗੇ

'ਏਨੀ ਗਰਮੀਂ ਚ ਬੁਲਾ ਲੈਂਦੀ ਹੈ'

ਕਹਿ ਕੇ ਬੈਠਣਗੇ

ਕਿਹੋ ਘਰ ਹੈ ਤੇਰਾ

ਇੱਥੇ ਨਾ ਆਦਮ, ਨਾ ਆਦਮ ਬੋ

ਅਜਿਹਾ ਵੀ ਕੋਈ ਘਰ ਹੁੰਦਾ ਭਲਾ

ਬਟੂਏ ਚੋਂ ਕੱਢਣਗੇ ਸੌ ਦਾ ਨੋਟ

ਕਹਿਣਗੇ- ਲੈ ਰੱਖ ਲੈ

ਫਿਰ ਅਚਾਨਕ ਡੁੱਬ ਜਾਣਗੇ ਸੋਚਾਂ ਵਿਚ

ਇਕੱਲੀਆਂ ਰਹਿੰਦੀਆਂ ਧੀਆਂ ਤੋਂ ਵਿਦਾ ਲੈਂਦੇ ਪਿਤਾ

ਕਿੰਨੇ ਮੁਕਤ ਹੁੰਦੇ ਨੇ

ਰਸਮਾਂ-ਰਵਾਇਤਾਂ ਤੋਂ

(**ਦੋ** )

ਦਫ਼ਤਰ ਤੋਂ ਕੋਈ ਨਾਲ ਆ ਜਾਵੇ

ਤਾਂ ਬੜੇ ਚਾਅ ਨਾਲ ਪੁੱਛਦੇ ਨੇ ਪਿਤਾ

ਕਿੰਝ ਲੱਗਦੀ ਹੈ ਤੈਨੂੰ ਮੇਰੀ ਬੇਟੀ

ਤੂੰ ਕੀ ਸੋਚਦਾ ਹੈ, ਉਸ ਬਾਰੇ

ਫਿਰ ਜਕ ਜਾਂਦੇ ਨੇ

ਕੀ ਸੋਚੇਗੀ ਬੇਟੀ

ਉਸਦੇ ਚਲੇ ਜਾਣ ਤੋਂ  ਬਾਅਦ

ਪੁੱਛਦੇ ਨੇ- ਪੁੱਤਰ ਇਕ ਗੱਲ ਦੱਸ

ਭਲਾ ਇੰਨੀ ਵੱਡੀ ਦੁਨੀਆਂ ਵਿਚ ਕੋਈ ਨਹੀਂ

ਜੋ ਰਹਿ ਸਕੇ, ਤੇਰੇ ਨਾਲ

ਤੇਰੇ ਘਰ ?

ਪਿਤਾ ਦੇ ਇਰਾਦੇ ਜਾਣਦੀ ਹੋਈ ਕਹਿੰਦੀ ਹੈ

ਤੁਹਾਨੂੰ ਲੱਗਦੈ ਇਸ ਘਰ ਚ

ਆਪਾਂ ਨੂੰ ਕੋਈ ਕਿਰਾਏਦਾਰ ਰੱਖਣਾ ਚਾਹੀਦੈ ?

(ਤਿੰਨ)

ਚਿੰਤਾ ਤਾਂ ਤੇਰੀ

ਲੱਗੀ ਹੀ ਰਹਿੰਦੀ ਹੈ ਹਰ ਰੋਜ਼

ਅੱਛਾ, ਇੰਨੇ ਵੱਡੇ ਦਿਨ ਦਾ ਕਰਦੀ ਕੀ ਐਂ

ਟੈਲੀਵਿਜ਼ਨ ਤਾਂ ਕਦੇ ਪਿੰਡ ਰਹਿੰਦਿਆਂ ਵੀ ਨਹੀਂ ਸੀ ਦੇਖਦੀ

ਅਜਿਹਾ ਫਾਲਤੂ ਸਾਮਾਨ ਖਰੀਦਣ ਦੀ ਕੀ ਲੋੜ ਹੈ

ਜੋ ਤੇਰੇ ਕੰਮ ਹੀ ਨਾ ਆਵੇ ?

ਘਰ ਚ ਨਿਯਮ ਵੀ ਤਾਂ ਰੱਖੋ

ਸਾਰੀ ਰਸੋਈ ਚ ਲੱਭ ਲਿਆ

ਨਿੰਬੂ ਨਿਚੋੜ ਕਿੱਥੇ ਹੈ ?

ਦਫ਼ਤਰ ਜਾਣ ਤੋਂ ਪਹਿਲਾਂ ਥੋੜਾ ਨਿੰਬੂ ਪਾਣੀ ਪੀ ਲਿਆ ਕਰ

ਇਹ ਵੀ ਕੋਈ ਵੇਲਾ ਹੈ ਜਾਗਣ ਦਾ ?

ਸਮੇਂ ਸਿਰ ਜਾਗਿਆ ਕਰ

ਪਿਤਾ ਨੇ ਤੁਰਨਾ ਸਿਖਾਇਆ

ਫਿਰ ਪੜ੍ਹਣਾ

ਫਿਰ ਸਮੇਂ ਸਿਰ ਸਕੂਲ ਜਾਣਾ।

ਇਕੱਲੇ ਰਹਿਣਾ ਸਿਖਾ ਰਹੇ ਨੇ ਪਿਤਾ

(ਚਾਰ)

ਮੈਂ ਵੀ ਤਾਂ

ਰੋਜ਼ ਹੀ ਆ ਜਾਂਦਾ ਹਾਂ

ਸਰੋਂ ਦਾ ਬੀਜ ਲੈਣਾ ਹੈ

ਸੋਚਿਆ ਰੋਟੀ ਤੇਰੇ ਘਰ ਖਾ ਲਵਾਂ

ਕਿੰਨੇ ਵਜੇ ਬਣਾਉਂਦੀ ਹੈਂ ?

ਕੁੱਝ ਸਮੇਂ ਦਾ ਵੀ ਖਿਆਲ ਰੱਖਦੀ ਹੈਂ ?

ਪਿੰਡ ਚ ਤਾਂ ਸਾਰੇ ਹੀ ਪੁੱਛਦੇ ਨੇ ਪੁੱਤਰ

ਮੈਂ ਕਹਿੰਦਾ ਹਾਂ ਮੇਰਾ ਪੁੱਤਰ ਇਕੱਲਾ ਹੀ ਰਹੇਗਾ

ਤੇਰਾ ਕੀ ਖਿਆਲ ਹੈ ?

ਇਸ ਤੋਂ ਅਗਾਂਹ ਕੁੱਝ ਨਹੀਂ ਕਹਿੰਦੇ ਪਿਤਾ

ਸੋਚਦੇ ਹੋਣਗੇ

ਕਿੰਨੀ ਸੁਖੀ ਹੈ ਮੇਰੀ ਬੇਟੀ

ਆਪਣੇ ਘਰ, ਇਕੱਲਿਆਂ।

**ਮੇਰੀਆਂ ਇੱਕ ਦਰਜਣ ਕਵਿਤਾਵਾਂ**

ਦੁਨੀਆਂ ਦੀ

ਸਭ ਤੋਂ ਖਤਰਨਾਕ ਥਾਂ ’ਤੇ ਬੈਠ ਕੇ

ਮੈਂ ਉਸ ਨੂੰ ਕਿਹਾ–

‘ਮੈਂ ਤੈਨੂੰ ਪਿਆਰ ਕਰਦੀ ਹਾਂ’

ਜੀਕਣ ਕਿਹਾ–

‘ਮੈਂ ਤੈਥੋਂ ਡਰ ਕਰ ਰਹੀ ਹਾਂ’

ਇੰਝ ਪਈਆਂ ਰਹੀਆਂ ਮੇਰੀਆਂ

ਇਕ ਦਰਜਨ ਕਵਿਤਾਵਾਂ

ਵਿਆਕਰਣ ਦੀਆਂ ਅਸ਼ੁੱਧੀਆਂ ਨਾਲ

ਜੀਕਣ ਖੜ੍ਹਾ ਰਿਹਾ ਪ੍ਰੇਮ ਉਮਰ ਭਰ

ਦਰਵਾਜ਼ੇ ਦੇ ਪਿੱਛੇ ਲੁਕੇ ਬੱਚੇ ਵਾਂਗ

ਹਉਂ-ਹਉਂ ਕਰਕੇ ਡਰਾਉਣ ਦੀ ਤਾਂਘ 'ਚ।

**ਇੰਨੇ ਕੁ ਪਾਣੀ 'ਚ ਵੀ ਕੋਈ ਡੁੱਬਦਾ ਭਲਾ**

ਦੋ ਨੰਬਰ ਪਲੇਟਫਾਰਮ 'ਤੇ

ਰੁਕੀ ਹੈ ਰੇਲਗੱਡੀ

ਆਪਣੇ ਦੁੱਖ ਨੂੰ ਭਰ-ਭਰ ਕੇ

ਲੈ ਜਾਵੇਗੀ ਉਹ

ਦੂਰ ਕਿਸੇ ਦੂਸਰੇ ਸ਼ਹਿਰ 'ਚ

ਪਰ

ਰੇਲਗੱਡੀ ਕਿਧਰੇ ਲੈ ਕੇ ਨਹੀਂ ਜਾਂਦੀ

ਨਾ ਦੁੱਖ ਨੂੰ ਨਾ ਪਿਆਰ ਨੂੰ

ਕਿਸੇ ਦੂਸਰੇ ਸ਼ਹਿਰ 'ਚ

ਸਟੇਸ਼ਨ ਬਾਂਹ ਫੜ੍ਹ ਕੇ ਉਤਾਰੇਗਾ ਉਸਨੂੰ

ਤੂੰ ਪੁੱਛੇਗਾ

'ਬੋਲ ਮੇਰੀ ਰਾਣੀ ਕਿੰਨਾ ਕੁ ਪਾਣੀ'?

ਗੋਡਿਆਂ 'ਤੇ ਹੱਥ ਰੱਖ ਕੇ ਕਹੇਗੀ ਉਹ

'ਏਨਾ-ਏਨਾ'

ਤੇ ਡੁੱਬ ਜਾਏਗੀ

ਜ਼ਿੱਦੀ ਤੇ ਨਿਰਮੋਹੀ ਤੂੰ

ਮੱਥੇ 'ਤੇ ਹੱਥ ਧਰ ਕੇ ਕਹੇਂਗਾ

'ਝੱਲੀਏ ਇੰਨੇ ਕੁ ਪਾਣੀ ਚ ਵੀ ਕੋਈ ਡੁੱਬਦੈ ਭਲਾ' ?

**ਕੌਣ ਜਾਣੇ**

ਇੱਕ ਦਿਨ

ਜਦ ਨੀਂਦ ਵਿੱਚ ਹੋਵੇਂਗੀ ਤੂੰ

ਮੈਂ ਤੇਰੇ ਸਾਰੇ ਉੱਧੜੇ ਹੋਏ ਦਿਨ ਸਿਉਂ ਦੇਵਾਂਗਾ

ਤੂੰ ਆਵੇਂਗੀ

ਕਿੰਨੇ ਸ਼ਹਿਰ ਦਿਖਾਵਾਂਗਾ ਤੈਨੂੰ

ਹਰ ਸ਼ਹਿਰ ਵਿੱਚ ਥੋੜ੍ਹਾ ਜਿਹਾ ਰੁਕਾਂਗੇ

ਬੱਸ ਲਾਲਬੱਤੀ ਦੇ ਹੋਣ ਤੀਕ

ਇੱਕ ਦੂਸਰੇ ਦੇ ਪੈਰਾਂ ਵਿੱਚ

ਚੂੰਡੀਆਂ ਵੱਡਦੇ ਹੋਏ

ਕੌਣ ਜਾਣੇ ਇਸ ਅੰਨ੍ਹੇ ਸਫ਼ਰ ’ਚ

ਆਪਣੇ ਪੈਰ ਕਦ ਸੌਂ ਜਾਣ

**ਰੁਖ਼ਸਾਨਾ**

(**ਇੱਕ**)

ਮੈਂ ਤੇਰੀ ਕਵਿਤਾ ਵਿਚਲੀ ਰੁਖ਼ਸਾਨਾ ਹਾਂ

ਆਪਾਂ ਲਹੌਰ ’ਚ ਮਿਲੇ ਸੀ ਨਾ

205 ਵਿਚ ਠਹਿਰੀ ਸੀ

ਮੈਂ ਪਾਕਿਸਤਾਨ ’ਚੋਂ ਹਾਂ

ਯਾਦ ਹੈ ਨਾ ?

ਮੈਂ ਰਾਜੀ–ਖੁਸ਼ੀ ਹਾਂ

ਪਰ ਇੱਕ ਗੱਲ ਦੱਸ–

ਤੇਰੇ ਦੇਸ਼ ਵਿੱਚ ਆਪਣਿਆਂ ਨੂੰ ਯਾਦ ਕਰਨ ਦਾ

ਰਿਵਾਜ ਵੀ ਹੈ ਜਾਂ ਨਹੀਂ ?

ਕਿੰਨੇ ਵਰ੍ਹਿਆਂ ਦੀ ਇੰਤਜ਼ਾਰ ਵਿੱਚ ਹਾਂ ਕਿ

ਤੂੰ ਖ਼ਤ ਲਿਖੇਂ ਅਤੇ ਕਹੇਂ–

‘ਠੀਕ ਤਾਂ ਹੈਂ ਨਾ ਰੁਖ਼ਸਾਨਾ

ਲੰਮੇ ਸਮੇਂ ਤੋਂ ਆ ਹੀ ਨਹੀਂ ਰਹੀ ਇੱਧਰ

ਮੇਰੀ ਕਵਿਤਾ ’ਚ

ਮੈਂ ਹਾਂ ਕਿ ਲਗਾਤਾਰ ਇਕੱਲਿਆਂ ਹੋ ਰਿਹਾ ਹਾਂ

ਆ ਰੁਖ਼ਸਾਨਾ

ਆ, ਆ ਕੇ ਮੇਰੇ ਨਾਲ ਗੱਲਾਂ ਕਰ

ਪਰ ਤੂੰ ਕਿਉਂ ਲਿਖੇਂਗਾ ਕੋਈ ਖ਼ਤ ਭਲਾ

ਤੇਰੇ ਦੇਸ਼ ’ਚ ਥੋੜ੍ਹੀ ਰਹਿੰਦੀ ਹਾਂ ਮੈਂ

ਤੇਰੇ ਦੇਸ਼ ਦੇ ਰਿਵਾਜ ਮੈਂ ਵੀ ਜਾਣਦੀ ਹਾਂ

ਪਾਕਿਸਤਾਨ ਤੋਂ ਹਾਂ ਨਾ ।

(ਦੋ)

ਤੇਰੀ ਕਵਿਤਾ ਵਿੱਚੋਂ ਨਿੱਕਲ ਕੇ

ਰੁਖ਼ਸਾਨਾ ਆਈ ਹੈ

ਅੱਜ ਸਵੇਰੇ ਜਦ ਤੈਨੂੰ

ਵਿਦਾਈ ਦੀ ਰਸਮ ਲਈ

ਨਵ੍ਹਾਇਆ ਜਾ ਰਿਹਾ ਸੀ

ਨਾਰਾਜ਼ ਸੀ ਰੁਖ਼ਸਾਨਾ

ਕਹਿ ਰਹੀ ਸੀ

ਮੈਨੂੰ ਦੱਸਿਆ ਤੱਕ ਨਹੀਂ

ਨਾ ਕੋਈ ਖਬਰ, ਨਾ ਚਿੱਠੀ

ਹੋਰ ਤਾਂ ਹੋਰ

ਯਾਦ ਵਿਚ ਇੱਕ ਹਿਚਕੀ ਤੱਕ ਨਹੀਂ

ਮੈਂ ਨਹੀਂ ਮਿਲਣਾ

ਏਨਾ ਚੁਪ-ਚਪੀਤਾ ਵੀ ਕੋਈ ਜਾਂਦਾ ਭਲਾ

(ਤਿੰਨ)

ਦੇਖ

ਮੇਰੇ ਕੋਲ ਤੇਰਾ ਸਿਰਨਾਵਾਂ ਹੈ

ਜਿਸ ਸਿਰਨਾਵੇਂ ’ਤੇ ਹੁਣ ਕਦੀਂ ਮੈਂ

ਕੋਈ ਚਿੱਠੀ ਨਹੀਂ ਲਿਖਣੀ

ਰਾਜੀ-ਖੁਸ਼ੀ ਨਹੀਂ ਪੁੱਛਣੀ

ਯਾਦ ਹੈ ਨਾ ਇਕ ਵਾਰ

ਤੂੰ ਕੋਰਾ ਹੀ ਭੇਜ ਦਿੱਤਾ ਸੀ ਪੰਨਾ

ਅਤੇ ਕਿਹਾ ਸੀ-

ਇਸ ਖ਼ਤ ਦੇ ਅੱਖ਼ਰ ਸਮਝਦੀ ਹੈਂ ਰੁਖ਼ਸਾਨਾ ?

ਜੋ ਇਸ ਵਿਚ ਲਿਖਿਆ ਹੈ ਨਾ ਉਸ ਨੂੰ ਪੜ੍ਹਣ ’ਚ

ਸਦੀਆਂ ਲੱਗ ਗਈਆਂ

ਤੂੰ ਉਸ ਖ਼ਤ ’ਚ ਕੀ ਲਿਖਿਆ ਸੀ ?

ਮੈਂ ਅੱਜ ਤੀਕ ਨਹੀਂ ਪੜ੍ਹ ਸਕੀ

ਸੱਚ ਕਹਾਂ

ਤੇਰੀਆਂ ਮੁਹੱਬਤ ਦੀਆਂ ਨਜ਼ਮਾਂ ਦਾ ਅਨੁਵਾਦ ਕਰਦੀ ਮੈਂ

ਉਸ ਕਾਗ਼ਜ ਨੂੰ ਉਲਟ-ਪੁਲਟ ਕਰਦੀ ਰਹੀ

ਤੂੰ ਆਵੇਂਗਾ ਤਾਂ ਆਪਾਂ ਮਿਲ ਕੇ

ਇਸ ਖ਼ਤ ਦਾ ਅਨੁਵਾਦ ਕਰਾਂਗੇ

...ਤੇਰੀ ਰੁਖ਼ਸਾਨਾ

## ਵਿਦੇਸ਼

ਤੇਰੀਆਂ ਸਾਰੀਆਂ ਬੇਟੀਆਂ

ਵਿਦੇਸ਼ ਕਿਉਂ ਜਾਣਾ ਚਾਹੁੰਦੀਆਂ ਨੇ ਚਾਚਾ ?

ਅਮਰੀਕਾ, ਲੰਦਨ, ਦੁਬਈ ਤੋਂ

ਕਿੰਝ ਆਉਂਦੇ ਨੇ ਕੰਤ

## ਹਰ ਫਸਲ ਤੋਂ ਬਾਅਦ

ਤੂੰ ਤਾਂ ਕਹਿੰਦਾ ਸੀ

ਦੋ ਏਕੜ-ਤਿੰਨ ਏਕੜ ਤੋਂ

ਫਸਲ ਹੀ ਕਿੰਨੀ ਆਉਂਦੀ ਹੈ

ਨਰਮੇ ਨਾਲ ਤਾਂ ਕੋਠਾ ਵੀ ਨਹੀਂ ਭਰਦਾ

## ਰਾਣੋ, ਫੁੱਲ ਅਤੇ ਨਦੀ

(ਇੱਕ)

ਜਦ ਉਹ ਪਹਿਲੀ ਵਾਰ

ਮੇਰੇ ਘਰ ਆਈ

ਮੈਨੂੰ ਨਦੀ ਯਾਦ ਆਈ

ਨਦੀ ਦਾ ਕਲ-ਕਲ

ਛਲ-ਛਲ ਕਰਦਾ ਪਾਣੀ ਯਾਦ ਆਇਆ

ਜਦ ਉਹ ਚਲੀ ਗਈ

ਮੈਨੂੰ ਦੂਰ ਦੇ ਉਹ ਰਿਸ਼ਤੇਦਾਰ ਯਾਦ ਆਏ

ਜਿਨ੍ਹਾਂ ਬਾਰੇ ਮਾਂ ਅਕਸਰ ਗੱਲਾਂ ਕਰਦੀ ਸੀ

ਜੋ ਰਾਵੀ-ਝਨਾਂ 'ਚ ਫੁੱਲ ਬਣ ਤਰ ਗਏ

ਅੱਜ ਕਈ ਦਿਨਾਂ ਬਾਅਦ

ਆਈ ਹੈ ਉਹ

ਮੈ ਡਰ ਰਿਹਾ ਹਾਂ

ਕੁੜੀ-ਨਦੀ-ਫੁੱਲ

ਇਕ ਬਹੁਤ ਪੁਰਾਣੀ ਘੜੀ

ਜੋ ਵਰ੍ਹਿਆਂ ਪਹਿਲਾਂ ਗੁਆਚ ਗਈ ਸੀ
ਅੱਜ ਅਚਾਨਕ ਮਿਲ ਗਈ ਹੈ
ਕੁੜੀ ਜਾਣ ਲਈ ਦਰਵਾਜ਼ੇ ਕੋਲ ਖੜੀ ਹੈ
ਪਤਾ ਨਹੀਂ ਕੁੜੀ ਗੁਆਚ ਜਾਣ ਲਈ
ਦਰਵਾਜ਼ੇ ਕੋਲ ਖੜੀ ਹੈ

ਮੈਂ ਹਾਲੇ ਉਸਦਾ ਨਾਮ ਪੁੱਛਣਾ ਹੈ
ਦੂਰੋਂ ਕਿਸੇ ਘਰੋਂ ਬਿੱਲੀ ਦੇ ਰੋਣ ਦੀ ਆਵਾਜ਼ ਆ ਰਹੀ ਹੈ
ਸਾਰਾ ਕੁੱਝ ਓਵੇਂ ਹੀ ਤਾਂ ਚਲ ਰਿਹਾ ਹੈ
ਕੁੜੀ ਆਪਣਾ ਨਾਮ ਰਾਣੋ ਦੱਸ ਰਹੀ ਹੈ
ਅੱਜ ਕੁੱਝ ਜ਼ਿਆਦਾ ਹੀ ਦੇਰ ਰੁਕ ਗਈ
ਰੋਜ਼ ਤਾਂ 'ਮਾਸੀ ਮੈਂ ਚੱਲੀ' ਕਹਿ ਕੇ ਮਾਂ ਤੋਂ ਵਿਦਾ ਲੈਂਦੀ ਹੈ
ਮਾਂ ਮਟਰ 'ਚੋਂ ਦਾਣੇ ਕੱਢ ਰਹੀ ਹੈ
ਦਾਣੇ ਥੱਲੇ ਕਿਰ ਰਹੇ ਨੇ
ਸੋਚਦਾ ਹਾਂ ਮਾਂ ਨੂੰ ਹੁਣ ਜ਼ਿਆਦਾ ਨਹੀਂ ਦਿਸਦਾ

'ਰਾਣੋ' ਕਹਿ ਕੇ ਉਸ ਵੱਲ ਮੁੜਿਆਂ ਹਾਂ

‘ਦਾਰ ਜੀ’ ਨੂੰ ‘ਬੁਰਜਾਂ ਵਾਲੀ ਪੁਲੀ’ ’ਤੇ
ਆਪਣਾ ਬੇਟਾ ਜਾਂਦੇ ਹੋਏ ਦਿਸ ਰਿਹਾ ਹੈ
ਕੱਲ੍ਹ ਹੀ ਤਾਂ ਰਾਵੀ ’ਚ ਉਸਦੇ ਫੁੱਲ ਪਾਏ ਸੀ

ਰਾਣੋ ਕਹਿ ਕੇ ਉਸਦਾ ਹੱਥ ਫੜ ਰਿਹਾ ਹਾਂ
ਉਹ ਰਾਤ ਦਾ ਆਪਣਾ ਕੋਈ ਸੁਪਨਾ ਸੁਣਾ ਰਹੀ ਹੈ
ਪਤਾ ਹੈ, ਪਤਾ ਹੈ
ਮੈਂ ਰਾਤ ਇੱਕ ਬਹੁਤ ਵੱਡੀ ਨਦੀ ਦੇਖੀ
ਨਦੀ ਵਿੱਚ ਮੇਰੀ ਫੁਲਕਾਰੀ ਡਿੱਗ ਪਈ
ਮੈਂ ਕੱਢਦੀ ਰਹੀ, ਕੱਢਦੀ ਰਹੀ
ਫਿਰ ਦੂਸਰੀ, ਫਿਰ ਤੀਸਰੀ
ਮੇਰੀਆਂ ਸਾਰੀਆਂ ਫੁਲਕਾਰੀਆਂ ਨਦੀ ਵਿੱਚ ਡਿੱਗ ਪਈਆਂ

ਲੈ ਭਲਾ ਇਹ ਵੀ ਕੋਈ ਸੁਪਨਾ ਹੋਇਆ
ਉਹ ਜਾ ਰਹੀ ਹੈ
ਮੈਂ ਨਦੀ ’ਚ ਤਰ ਰਹੇ ਫੁੱਲਾਂ ਨੂੰ ਦੇਖ ਰਿਹਾ ਹਾਂ
ਨਦੀ ਕੀਰਤਪੁਰ ਹੈ

ਫੁੱਲ, ਫੁੱਲ ਨੇ ਗੁਲਾਬ ਜਾਂ ਚਮੇਲੀ ਦੇ ਨਹੀਂ

ਦੇਹ ਦੇ ਫੁੱਲ

ਕੁੜੀ ਹੱਸ ਰਹੀ ਹੈ-

ਦੇਖਿਆ ਮੈਂ ਕਿਹਾ ਸੀ ਨਾ

ਮੇਰੀਆਂ ਸਾਰੀਆਂ ਫੁਲਕਾਰੀਆਂ ਨਦੀ 'ਚ ਡਿੱਗ ਪਈਆਂ

ਲੈ ਹੁਣ ਮੈਂ ਵੀ।

(ਦੋ)

ਉਹ ਕਾਹਲੀ-ਕਾਹਲੀ ਸਾਹ ਲੈ ਰਹੀ ਹੈ

ਪਤਾ ਹੈ

ਰਾਤ ਮੈਂ ਫਿਰ ਸੁਪਨਾ ਦੇਖਿਆ

ਮੈਂ ਸੁਪਨੇ ਚ ਇੰਨੀ ਵਾਰ ਪੁਸ਼ਾਕ ਬਦਲੀ

ਜੀਕਣ

ਮੈਂ ਕਿੱਧਰੇ ਜਾਣਾ ਹੋਵੇ

ਕਿਸੇ ਐਸੀ ਥਾਂ...

ਜਿੱਥੇ ਜਾਣ ਲਈ ਸਾਰੀਆਂ ਪੁਸ਼ਾਕਾਂ ਅਧੂਰੀਆਂ ਸਨ

ਅੱਛਾ ਫਿਰ ਤੂੰ ਕੀ ਪਹਿਨਿਆ

ਕੁਝ ਪਹਿਨਿਆ ਸੀ ਹੁਣ ਯਾਦ ਨਹੀਂ

ਹਾਂ ਸੱਚ...ਮੈਂ ਇਹ ਵੀ ਦੇਖਿਆ ਕਿ

ਭੂਆ ਨੇ ਇੱਕ ਦਰੀ ਬੁਣੀ ਹੈ

ਦਾਰ ਜੀ ਕਹਿੰਦੇ ਨੇ-

ਕੁੜੀਆਂ ਦਰੀਆਂ ਆਪਣੇ ਸਹੁਰੇ ਘਰ ਲਈ ਬਣਾਉਂਦੀਆਂ ਨੇ

ਪਰ ਭੂਆ ਨੇ ਦਰੀ ਵਿਚਕਾਰ ਬਹੁਤ ਸਾਰੀਆਂ ਕਠਪੁਤਲੀਆਂ ਬਣਾਈਆਂ

ਹੁਣ ਕੋਈ ਪੁੱਛੇ ਜਾ ਕੇ ਦਾਰ ਜੀ ਕੋਲੋਂ

ਭਲਾ ਕਠਪੁਤਲੀਆਂ ਦਾ ਸਹੁਰੇ ਘਰ ਨਾ' ਕੀ ਲੈਣ-ਦੇਣ ?

ਕਦੀਂ-ਕਦੀਂ ਸੋਚਦਾ ਹਾਂ

ਉਸਦੇ ਆਉਣ ਨਾਲ ਮੈਨੂੰ ਫਰਕ ਪੈਂਦਾ ਹੈ

ਅਤੇ ਨਹੀਂ ਆਉਣ ਨਾਲ ਵੀ ਫਰਕ ਪੈਂਦਾ ਹੈ

ਨਹੀਂ-ਨਹੀਂ ਮੈਨੂੰ ਉਸ ਤਰਾਂ ਕੋਈ ਫਰਕ ਨਹੀਂ ਪੈਂਦਾ

ਉਂਝ ਮੈਨੂੰ ਇਹ ਪਤਾ ਹੈ, ਉਹ ਜੀਤੋ ਭੂਆ ਦੇ ਮੁੰਡੇ ਨੂੰ ਵੀ

ਆਪਣੇ ਸੁਪਨੇ ਇਸੇ ਤਰ੍ਹਾਂ ਸੁਣਾਉਂਦੀ ਹੈ

ਇਹ ਵੀ ਕਿ

ਕਿਸੇ ਨੂੰ ਆਪਣੇ ਸੁਪਨੇ ਸੁਣਾਉਣ ਨਾਲ

ਕੋਈ ਫਰਕ ਨਹੀਂ ਪੈਂਦਾ

ਜਿਸ ਨੂੰ ਅਸੀਂ ਆਪਣੇ ਸੁਪਨੇ ਸੁਣਾਉਂਦੇ ਹਾਂ ਜਰੂਰੀ ਨਹੀਂ ਕਿ

ਉਸਨੂੰ ਪਿਆਰ ਵੀ ਕਰਦੇ ਹੋਈਏ

ਸੋਚਦਾ ਹਾਂ ਉਸਦੇ ਦੰਦ ਟੁੱਟ ਜਾਣ

ਉਸਦੇ ਪੈਰ ਤਿਲਕ ਜਾਣ

ਅਤੇ...ਅਤੇ ਉਸਦੀ ਹੱਡੀ ਟੁੱਟ ਜਾਵੇ

ਜਾਂ...ਜਾਂ ਉਸਦੇ ਹੱਥ ’ਤੇ ਸਰੋਂ ਦੇ ਫੁੱਲ ਚਿਪ ਜਾਣ

ਨਹੀਂ...ਨਹੀਂ ਫੁੱਲ ਨਹੀਂ

ਫੁੱਲਾਂ ਤੋਂ ਮੈਨੂੰ ਡਰ ਲੱਗਦਾ ਹੈ

ਮਾਂ ਦਾ ਖ਼ਤ ਆਇਆ ਹੈ

ਦਾਰ ਜੀ ਠੀਕ ਨਹੀਂ ਰਹਿੰਦੇ।

(ਤਿੰਨ)

ਸੁਣ

ਕੱਲ੍ਹ ਜਦ ਤੈਨੂੰ ਆਖਰੀ ਵਿਦਾਈ ਲਈ ਨਵਾਇਆ ਜਾ ਰਿਹਾ ਸੀ

ਮੈਂ ਉੱਥੇ ਇੱਕ ਕਿਸ਼ਤੀ ਲੈ ਕੇ ਆਇਆ ਸੀ

ਪਰ ਉੱਥੇ ਤਾਂ ਕੋਈ ਨਦੀ ਹੀ ਨਹੀਂ ਸੀ

ਮੈਨੂੰ ਬਿਲਕੁਲ ਯਕੀਨ ਨਹੀਂ ਕਿ ਤੇਰੇ ਜਾਣ ਨਾਲ

ਧਰਤੀ ਦੀ ਕੋਈ ਨਦੀ ਸੱਚਮੁੱਚ ਸੁੱਕ ਗਈ ਹੋਵੇਗੀ

ਅਤੇ ਇਹ ਵੀ ਕੀ

ਤੇਰੀਆਂ ਅੱਖਾਂ ਪੀਲੀਆਂ ਅਤੇ ਸਰੀਰ ਠੰਡਾ ਹੋ ਚੁੱਕਾ ਹੈ

ਇਹ ਵੀ ਕੀ

ਤੇਰਾ ਸਿਵਾ ਪੂਰਾ ਨਹੀਂ ਮੱਚਿਆ ਹੋਣਾ

ਨਹੀਂ-ਨਹੀਂ ਮੈਂ ਪਾਪ-ਪੁੰਨ ਨੂੰ ਬਿਲਕੁਲ ਨਹੀਂ ਮੰਨਦਾ

ਸੁਣ, ਮੈਨੂੰ ਤੇਰੇ ਜਾਣ ਦਾ ਦੁੱਖ ਹੈ

ਸ਼ਾਇਦ ਤੇਰੇ ਜਾਣ ਨਾਲ ਕੁੱਝ ਹੋ ਗਿਆ ਹੈ

ਜਿਸਨੂੰ ਮੈਂ ਹਾਲੇ ਦੱਸ ਨਹੀਂ ਸਕਦਾ

ਹਾਲੇ ਠੀਕ-ਠੀਕ ਪਤਾ ਨਹੀਂ ਕਿ ਕੀ ਹੋ ਗਿਆ ਹੈ...

ਜਾਂ ਸ਼ਾਇਦ ਤੇਰੇ ਸੁਪਨਿਆਂ ਦੀਆਂ ਅਣਹੋਣੀਆਂ ਕੁੱਝ-ਕੁੱਝ ਸਮਝਣ ਲੱਗਾ ਹਾਂ

ਰਾਤ ਤੂੰ ਮੇਰੇ ਸੁਪਨੇ 'ਚ ਆਈ

ਤੇਰੇ ਹੱਥ ਵਿੱਚ ਬਹੁਤ ਸਾਰੀਆਂ ਕਠਪੁਤਲੀਆਂ ਸਨ

ਜਿਹਨਾਂ ਨੂੰ ਤੂੰ ਨਦੀ ਵਿੱਚੋਂ ਕੱਢਿਆ ਸੀ

ਸ਼ਾਇਦ ਤੂੰ ਕੁੱਝ ਕਹਿਣਾ ਚਾਹੁੰਦੀ ਸੀ

ਅਤੇ ਕੁੱਝ ਫੁੱਲਾਂ ਨੇ ਤੈਨੂੰ ਘੇਰ ਲਿਆ ਸੀ

ਦੇਖ, ਤੂੰ ਤਾਂ ਜਾਣਦੀ ਏਂ ਨਾ

ਫੁੱਲਾਂ ਤੋਂ ਮੈਨੂੰ ਬਹੁਤ ਡਰ ਲੱਗਦਾ ਹੈ।

**(ਚਾਰ)**

ਠੀਕਰੇ ਦੀ ਵੀ ਕੋਈ ਉਮਰ ਹੁੰਦੀ ਹੈ ਭਲਾ

ਕਹਿ ਕੇ ਉਸਨੇ ਆਪਣੇ ਹੱਥੋਂ ਘੜਾ ਸੁੱਟ ਦਿੱਤਾ ਹੈ

'ਆਪਾਂ ਬਾਲਟੀ 'ਚ ਰੱਸੀ ਪਾ ਕੇ ਨਦੀ ਵਿੱਚੋਂ ਪਾਣੀ ਭਰਾਂਗੇ'

‘ਭਲਾ ਖੂਹ ’ਚੋਂ ਕਿਉਂ ਨਹੀਂ ?’

‘ਖੂਹ ਤੋਂ ਮੈਨੂੰ ਡਰ ਲੱਗਦਾ ਹੈ

ਅਤੇ ਹਨੇਰੇ ਤੋਂ ਵੀ

ਹਨੇਰੇ ’ਚ ਮੈਨੂੰ ਔਰਤਾਂ ਦੇ ਰੋਣ ਦੀਆਂ ਆਵਾਜ਼ਾਂ ਸੁਣਦੀਆਂ ਨੇ

ਮਾਂ ਦੀਆਂ ਵੀ’

ਮੈਂ ਮਾਂ ਨੂੰ ਕਹਿਣਾ ਚਾਹੁੰਦਾ ਹਾਂ

ਮੈਨੂੰ ਹਾਲੇ ਵੀ ਤੇਰੇ ਨਾਲ ਮੋਹ ਹੈ

ਮਾਂ ਨੂੰ ਨਹੀਂ ਸ਼ਾਇਦ ਉਸ ਕੁੜੀ ਨੂੰ

ਰਾਣੋ ਬਹੁਤ ਦਿਨਾਂ ਦੀ ਇੱਧਰ ਨਹੀਂ ਆਈ

ਸ਼ਾਇਦ ਉਸ ਨੂੰ ਹੁਣ ਸੁਪਨੇ ਨਹੀਂ ਆਉਂਦੇ

ਸੁਪਨੇ ਵਿੱਚ ਕੋਈ ਪੁਲ ਜਾਂ ਸੜਕ ਨਹੀਂ ਦਿਸਦੀ

ਉਸਦੀ ਪਿੱਠ ’ਤੇ ਬਹੁਤ ਸਾਰੀਆਂ ਕਿਰਲੀਆਂ ਚਿੰਬੜ ਗਈਆਂ ਨੇ

ਉਹ ਚਿੱਟੀ ਹੋ ਗਈ ਹੈ

ਇਹ ਤਾਂ ਮੈਂ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਹਾਂ

ਉਸ ਲਈ ਜੀਤੋ ਭੂਆ ਦੇ ਮੁੰਡੇ ਦਾ ਖ਼ਤ ਆਇਆ ਹੈ

ਉਸ ਵਿਚ ਲਿਖਿਆ ਹੈ- ਰਾਣੋ, ਮਨ ਕੁੱਝ ਉਦਾਸ ਹੈ-

ਸਮਾਂ ਹੋਵੇ ਤਾਂ ਇੱਧਰ ਆ

ਪ੍ਰਾਇਮਰੀ ਸਕੂਲ ਦਾ ਮਾਸਟਰ ਸਾਰੇ ਪਿੰਡ ਵਿੱਚ ਕਹਿੰਦਾ ਫਿਰ ਰਿਹਾ ਹੈ-

ਕਿਸੇ ਨੇ ਰਾਣੋ ਨੂੰ ਵੇਖਿਆ ਭਲਾ ?

ਉਸਦੇ ਕੋਲ ਮੇਰੇ ਦਫ਼ਤਰ ਦੀ ਚਾਬੀ ਹੈ

ਅਤੇ ਲੱਕੜਾਂ ਵੀ...

ਮਾਂ ਪੁੱਛ ਰਹੀ ਹੈ-

ਰਾਣੋ ਦਾ ਕੁੱਝ ਪਤਾ ਲੱਗਿਆ ?

ਜੀਕਣ ਉਹ ਕਿੱਧਰੇ ਚਲੀ ਗਈ ਹੋਵੇ

ਮੈਂ ਆਪਣੀ ਜੇਬ ਵਿੱਚੋਂ ਰਾਣੋ ਦੇ ਦਿੱਤੇ ਬੇਰ ਕੱਢ ਕੇ ਖਾ ਰਿਹਾ ਹਾਂ

ਸ਼ਾਇਦ ਸੁੱਟ ਰਿਹਾ ਹਾਂ

ਬਾਹਰ ਬੱਘੀ 'ਤੇ ਬੈਠ ਕੇ ਭੈਣ ਆਈ ਹੈ

ਬੱਘੀ ਚਿੱਟੇ ਘੋੜੇ ਦੀ ਪਿੱਠ ਨਾਲ ਬੰਨ੍ਹੀ ਹੋਈ ਹੈ

ਉਹ ਰੁਕਣਾ ਨਹੀਂ ਚਾਹੁੰਦੀ, ਕਾਹਲੀ 'ਚ ਹੈ

ਸ਼ਾਇਦ ਉਸਨੇ ਕਿੱਧਰੇ ਜਾਣਾ ਹੈ

ਜਾਂ ਫਿਰ ਗੁਆਚ ਜਾਣਾ ਹੈ

ਮੈਨੂੰ ਪਾਣੀ ਚਾਹੀਦਾ ਹੈ

ਤ੍ਰੇਹ ਲੱਗਦਿਆਂ ਹੀ ਰਾਣੋ ਯਾਦ ਆ ਰਹੀ ਹੈ

'ਲੈ ਭਲਾ ਸੁਪਨੇ 'ਚ ਵੀ ਕੋਈ ਪਾਣੀ ਪੀਂਦੈ

ਸੁਪਨੇ 'ਚ ਤਾਂ ਸਿਰਫ਼ ਤ੍ਰੇਹ ਲੱਗਦੀ ਹੈ

ਪਾਣੀ ਤਾਂ ਜਾਗ ਕੇ ਪੀਤਾ ਜਾਂਦਾ ਹੈ

ਰਾਣੋ ਹੁੰਦੀ ਤਾਂ ਇਹੋ ਕਹਿੰਦੀ

ਆ ਗਈ ਤੂੰ, ਤੈਨੂੰ ਪਤਾ ਹੈ ਸਾਰੇ ਕਿੰਨੇ ਉਦਾਸ ਸੀ

ਮੈਂ ਉਸਨੂੰ ਮਾਸਟਰ ਜੀ ਬਾਰੇ ਦੱਸ ਰਿਹਾਂ,

ਉਹ ਹੱਸ ਰਹੀ ਹੈ

'ਏ! ਤੂੰ ਏਨਾ ਕਿਉਂ ਹੱਸ ਰਹੀਂ ਹੈਂ'

ਹਾਏ ਰੱਬਾ ਹੁਣ ਮੈਂ ਤੰਗ ਆ ਗਿਆਂ ਹਾਂ ਇਸਦੇ ਹਾਸਿਆਂ ਤੋਂ

ਮੈਨੂੰ ਅੰਦਰ ਹੀ ਅੰਦਰ ਉਸਦਾ ਹਾਸਾ ਚੰਗਾ ਲੱਗ ਰਿਹਾ ਹੈ

ਹਾਸਾ ਨਹੀਂ ਸ਼ਾਇਦ ਕੁੜੀ

ਉਹ ਫਿਰ ਆਪਣਾ ਸੁਪਨਾ ਸੁਣਾ ਰਹੀ ਹੈ–

ਪਤਾ ਹੈ ਸੁਪਨੇ 'ਚ ਮੈਨੂੰ ਹਾਸਾ ਆਇਆ

ਆਵੇ ਤੇ ਰੁਕੇ ਨਾ, ਆਵੇ ਤੇ ਰੁਕੇ ਨਾ

ਹੇ ਵਾਹਿਗੁਰੂ ਮੈਂ ਕੀ-ਕੀ ਨਹੀਂ ਕਰਿਆ

ਦੋ ਵਾਰ ਜਪੁਜੀ ਸਾਹਿਬ ਪੜ੍ਹ ਲਿਆ

ਪਰ ਹਾਸਾ ਸੀ ਕੀ ਰੁਕਿਆ ਹੀ ਨਹੀਂ

ਫਿਰ ਮੈਂ ਸੋਚਿਆ

ਜੇਕਰ ਜੀਤੋ ਭੂਆ ਦਾ ਮੁੰਡਾ ਮਰ ਜਾਵੇ, ਫੇਰ

ਫਿਰ ਕੀ ਸੀ, ਹਾਸਾ ਰੁਕ ਗਿਆ

ਮੈਂ ਸ਼ਰਮ ਨਾਲ ਲਾਲ ਹੋਇਆ ਉਸਦਾ ਚਿਹਰਾ ਦੇਖ ਰਿਹਾ ਹਾਂ

ਜੀਤੋ ਭੂਆ ਦਾ ਮੁੰਡਾ ਖ਼ਤ ਲਿਖ ਰਿਹਾ ਹੈ

ਰਾਣੋ ਇਸ ਪੂਰੇ ਦ੍ਰਿਸ਼ 'ਚ ਸਿਰਫ਼ ਇਕ ਵਾਰ ਆਉਂਦੀ ਹੈ

ਅਤੇ ਸਿਰਫ਼ ਇਕ ਵਾਰ ਹੱਸਦੀ ਹੈ

ਹਾਸਾ ਹੈ, ਕਿ ਰੁਕਦਾ ਹੀ ਨਹੀਂ...

**ਭਵਿੱਖਬਾਣੀਆਂ**

ਦੇਖੀ ਇੱਕ ਚਿੜੀ

ਇੱਕ ਪਤੰਗ

ਇੱਕ ਮੈਨਾ

ਇੱਕ ਤਿੱਤਲੀ

ਦੇਖੀ

ਹਵਾ ’ਚ ਪਸਰੇ ਖੰਭਾਂ ਵਾਲੀ

ਉੱਡਦੀ ਹੋਈ ਇੱਕ ਔਰਤ

ਤੇਰੇ ਨਾਲ ਰਹਿੰਦੇ ਹੋਏ

ਔਰਤਾਂ ਬਾਰੇ

ਸੁਣੀਆਂ ਮੈ ਕਈ ਭਵਿੱਖਬਾਣੀਆਂ

ਜੋ ਗਲਤ ਸਿੱਧ ਹੋਈਆਂ

**ਘਰ**

ਦੇਖ ਨਾ

ਪੈਰ ’ਤੇ ਰੇਤ ਧਰ ਕੇ

ਬਣਾ ਲਿਆ

ਘਰ

ਦੇਖ ਨਾ

ਤੜਕਸਾਰ

ਢਹਿ ਵੀ ਗਿਆ

ਘਰ

**ਇਕੱਲਾ ਆਦਮੀ**

**(ਇੱਕ)**

ਪਿਛਲੇ ਵਰ੍ਹਿਆਂ ’ਚ

ਯਾਤਨਾਵਾਂ ਪਸਰੀਆਂ ਰਹੀਆਂ ਬਾਹਰ

ਕਵਿਤਾਵਾਂ ਹੁੰਦੀਆਂ ਰਹੀਆਂ ਅਸਫ਼ਲ

ਪੜ੍ਹਦਾ ਰਿਹਾ ਅਖ਼ਬਾਰ ਵੇਲੇ ਸਿਰ

ਦੇਰ ਤੱਕ ਜਗਦੀ ਰਹੀ ਬੱਤੀ

ਕਿਹਦਾ ਘਰ ਹੈ ਇਹ ?

ਪੁੱਛਦੇ ਰਹੇ ਲੋਕ

‘ਤੁਸੀਂ ਇਕੱਲੇ ਰਹਿੰਦੇ ਹੋ ਇੰਨੇ ਵੱਡੇ ਘਰ ਵਿੱਚ’

ਦੇਂਦਾ ਰਿਹਾ ਉੱਤਰ

ਕਿੰਨੀ ਦੂਰ ਆ ਗਿਆ ਮੈਂ

ਤੇਰੇ ਨਾਲ ਤੁਰਦਾ-ਤੁਰਦਾ

(ਦੋ)

ਇਸ ਨਦੀ ਦਾ ਨਾਮ ਜਾਣਦੀ ਐਂ ?

ਨਹੀਂ ਜਾਣਦੀ ਹੋਵੇਂਗੀ

ਤੇਰੇ ਸ਼ਹਿਰ ਚ ਨਹੀਂ ਵੱਗਦੀ ਅਜੇਹੀ ਕੋਈ ਵੀ ਨਦੀ

ਤੇਰੇ ਨਾਲ ਤੁਰਦਾ ਹਾਂ ਤਾਂ

ਰੋਕਦੀ ਹੈ ਨਦੀ

ਆਵਾਜ਼ਾਂ ਮਾਰਦਾ ਹੈ ਟਾਪੂ

ਸਾਹਮਣੇ ਆ-ਆ ਕੇ ਰੁਕਣ ਲੱਗਦੀਆਂ ਨੇ ਕਿਸ਼ਤੀਆਂ

ਝੂਲਣ ਲੱਗਦੇ ਨੇ ਹੱਥ

ਇੱਕ ਬੱਚੀ ਦਿਸਣ ਲੱਗਦੀ ਹੈ ਦੂਰੋਂ

ਡੁੱਬਣ ਲੱਗਦਾ ਹੈ ਸੂਰਜ

ਤੇਰੇ ਨਾਲ ਤੁਰਦਾ ਹਾਂ, ਤੇ

ਪਤਾ ਨਹੀਂ ਕਿਸ ਗ੍ਰਹਿ ਦੀ

ਕਰਨ ਲੱਗਦਾ ਹਾਂ ਪ੍ਰਕਰਮਾਂ

**ਅਸਾਡੀ ਫ਼ਸਲ**

ਉੱਥੇ ਇਕ ਵੀਹੀ ਸੀ

ਜਿੱਥੋਂ ਚੱਲ ਕੇ ਅਸਾਡੇ ਬਲਦ

ਜੁਤ ਜਾਂਦੇ ਸਨ ਖੇਤਾਂ ਵਿੱਚ

ਸਿਰ ’ਤੇ ਕਪਾਹ ਦੀ ਪੰਡ ਚੁੱਕੀ

ਪਿਤਾ ਦਿਸਦੇ ਸਨ ਦੂਰੋਂ

ਮਾਂ ਲਾਹੁਦੀਂ ਸੀ ਵਿਹੜੇ ਵਿਚ ਕਪਾਹ

ਕਦੇ-ਕਦਾਈਂ ਮਾਂ ਦੇ ਸਿਰ ਤੋਂ ਲਾਹੁਦੇਂ ਸਨ ਪਿਤਾ

ਪਾਣੀ ਭਰਿਆ ਘੜ੍ਹਾ

ਮਾਂ ਤਾਂ ਇੱਕ ਕੁਇੰਟਲ ਗੰਨੇ ਤੱਕ ਚੁੱਕ ਲੈਂਦੀ ਸੀ

ਵਿਹੜੇ ਵਿੱਚ ਰੱਖੇ ਜਾਂਦੇ ਸੀ ਗੰਨੇ

ਅਸਾਡੀ ਹਰ ਫ਼ਸਲ

ਇੰਝ ਹੀ ਆਉਂਦੀ ਸੀ ਘਰ

ਇੱਕ-ਦੂਸਰੇ ਦੇ ਸਿਰਾਂ 'ਤੇ ਚੜ੍ਹ ਕੇ

ਇਕ-ਦੂਸਰੇ ਦੇ ਸਿਰੋਂ ਉਤਰ ਕੇ

ਏਨਾ ਵੀ ਬੁਰਾ ਨਹੀਂ ਹਾਂ ਮੈਂ

ਥੋੜਾ ਚਿਰ ਸੌਂਵਾਗਾ

ਫਿਰ ਜਾਗਾ 'ਗਾ ਪੂਰੀ ਰਾਤ

ਤੇਰੇ ਨਾਲ

ਗੱਲਾਂ ਕਰਦਿਆਂ-ਕਰਦਿਆਂ

ਆਖ਼ਰੀ ਵਾਰ ਕਹਾਂਗਾ ਇੱਕ ਗੱਲ

ਯਾਦ ਰੱਖੀਂ

ਕੱਲ੍ਹ ਪੁੱਛਾਂਗਾ ਫਿਰ

ਤੜਕਸਾਰ

ਝੁਕ ਜਾਵਾਂਗਾ ਤੇਰੇ ਸਾਹਮਣੇ

ਚੁੱਕ ਲਵਾਂਗਾ ਤੈਨੂੰ ਗੋਦੀ ਵਿੱਚ

ਬੁਝ ਜਾਵੇਗੀ ਘਰ ਦੀ ਸਭ ਤੋਂ ਵੱਡੀ ਬੱਤੀ

ਤੇਰੇ ਨਾਲ ਗੱਲਾਂ ਕਰਦਿਆਂ-ਕਰਦਿਆਂ

ਰੁੱਸ ਜਾਵਾਂਗਾ

ਮੰਨ ਵੀ ਜਾਵਾਂਗਾ ਉਸੇ ਵੇਲੇ

ਏਨਾ ਵੀ ਬੁਰਾ ਨਹੀਂ ਹਾਂ ਮੈਂ

**ਏਨੇ ਬੁਰੇ ਨਹੀਂ ਹੁੰਦੇ ਸੁਪਨੇ**

ਤੇਰੇ ਨਾਲ ਗੱਲਾਂ ਕਰਦਾ-ਕਰਦਾ

ਬਦਲ ਲੈਂਦਾ ਹਾਂ ਕਰਵਟ

ਪੈ ਗਿਆ ਹਾਂ ਜ਼ਮੀਨ 'ਤੇ ਮੂਧੇ ਮੂੰਹ

ਤੇਰੇ ਨਾਲ ਗੱਲਾਂ ਕਰਦਾ-ਕਰਦਾ

ਹੁਣ ਥੱਕ ਗਿਆਂ ਹਾਂ ਮੈਂ

ਉਫ਼...

ਤੂੰ ਕੁੱਝ ਬੋਲਦੀ ਕਿਉਂ ਨਹੀਂ

ਏਨੇ ਵੀ ਬੁਰੇ ਨਹੀਂ ਹੁੰਦੇ ਸੁਪਨੇ

**ਸ਼ਬਦ, ਰੰਗ, ਛੂਹ ਤੇ ਖੁਸ਼ਬੋ**

ਨੀਲੇ ਰੰਗ ਨੂੰ

ਸਭ ਤੋਂ ਵੱਧ ਵੇਖਿਆ ਮੈਂ

ਤੇਰੇ ਨਾਲ

ਪਿਆਰ ਸ਼ਬਦ ਨੂੰ ਸੁਣਿਆਂ ਸਭ ਤੋਂ ਵੱਧ

ਸਭ ਤੋਂ ਜ਼ਿਆਦਾ ਸੁੰਘਿਆ ਚਮੇਲੀ ਨੂੰ

ਸਭ ਤੋਂ ਵੱਧ ਖਾਧੇ ਗੁਲਾਬਜਾਮਣ

ਸਭ ਤੋਂ ਜ਼ਿਆਦਾ ਛੋਹਿਆ ਤੈਨੂੰ

ਤੇਰੇ ਨਾਲ ਰਹਿੰਦਿਆਂ-ਰਹਿੰਦਿਆਂ

ਸਭ ਠੱਗਦੇ ਰਹੇ ਮੈਨੂੰ

ਸ਼ਬਦ, ਰੰਗ, ਛੁਹ,ਖੁਸ਼ਬੋਈ

**ਇਸ ਸ਼ਹਿਰ ਬਾਰੇ**

ਤੂੰ ਕੁੱਝ ਕਹਿ

ਇਸ ਸ਼ਹਿਰ ਬਾਰੇ

ਮੈਂ ਜਾਣਦਾ ਹਾਂ

ਤੂੰ ਕਹੇਂਗੀ ਨਹੀਂ ਕੁੱਝ

ਕਹਿ ਕਿ ‘ਗਰਮੀਂ ਬਹੁਤ ਹੈ’

ਕਹਿ ਕਿ ‘ਆਪਾਂ ਨੂੰ ਹੁਣ ਜਾਣਾ ਚਾਹੀਦਾ ਹੈ’

ਕਹਿ ਕਿ…

ਕੁੱਝ ਵੀ ਕਹਿ

ਜੋ ਵੀ ਕਹਿ ਸਕੇਂ

ਇਸ ਸ਼ਹਿਰ ਬਾਰੇ

ਜਾਣਨਾ ਚਹੁੰਦਾ ਹਾਂ ਤੇਰੇ ਵਿਚਾਰ

ਲਿਖਣੀਆਂ ਨੇ ਬਹੁਤ ਸਾਰੀਆਂ ਕਵਿਤਾਵਾਂ

ਕੁੜੀਆਂ ਦੇ ਵਿਚਾਰਾਂ ਬਾਰੇ

ਕੀ ਸੋਚਦੀਆਂ ਨੇ ਕੁੜੀਆਂ

ਸ਼ਹਿਰਾਂ ਬਾਰੇ…

**ਟੈਲੀਫ਼ੋਨ ’ਤੇ ਭੈਣ**

ਕਹਿੰਦੀ ਹੈ–

‘ਇਕ ਗੱਲ ਕਹਿ ਰਹੀ ਹਾਂ

ਘਬਰਾਈਂ ਨਾ

ਘਰ ਤਾਂ ਸਭ ਠੀਕ ਨੇ

ਪਰ ਹਾਂ, ਕਿਸੇ ਦੀ ਤਾਰ, ਚਿੱਠੀ, ਟੈਲੀਫੋਨ ਆਵੇ ਤਾਂ

ਡਰੀਂ ਨਾ

ਇੱਕ ਉਮਰ ਤੋਂ ਬਾਅਦ ਤਾਂ ਜਾਣਾ ਹੀ ਪੈਂਦਾ ਸਾਰਿਆਂ ਨੂੰ

ਕੋਈ ਪਹਿਲਾਂ ਵੀ ਚਲਾ ਜਾਵੇ ਤਾਂ ਡਰੀਂ ਨਾ

ਹੌਂਸਲਾ ਰੱਖੀਂ

ਹਾਂ, ਹੋ ਸਕੇ ਤਾਂ ਕੁੱਝ ਦਿਨ ਛੁੱਟੀ ਲੈ ਕੇ ਘਰ ਆ ਜਾਵੀਂ

ਮਾਂ ਕੁੱਝ ਉਦਾਸ ਹੈ ਬਸ’

ਪੁੱਛਦਾ ਹਾਂ–

ਮਾਂ ਦੇ ਨਹੀਂ ਰਹਿਣ ਤੋਂ ਬਾਅਦ

ਤੂੰ ਤਾਂ ਰਹੇਂਗੀ ਨਾ

ਮੇਰੇ ਕੋਲ

**ਉਦਾਸ ਕੁੜੀ**

ਦੁੱਖ ਉਸਨੂੰ

ਕੋਈ ਨਹੀਂ

ਬਸ

ਧੁੱਪ ’ਚ ਬੈਠ ਕੇ

ਸੋਚਦੀ ਹੈ ਚਿੜੀ ਵਾਂਗਰ

ਉੱਡ ਰਹੇ ਦਿਨਾਂ ਬਾਰੇ

ਅਤੇ

ਉਦਾਸ ਹੋ ਜਾਂਦੀ ਹੈ

**ਇੱਕ ਔਰਤ ਦਾ ਗੀਤ**

ਉਹ ਜੰਗਲ ਵੱਲ ਗਈ ਹੈ

-ਅੱਧੀ ਰਾਤੀ

ਕੀ ਉਹ ਇਕੱਲਿਆਂ ਹੀ ਚਲੀ ਗਈ ?

ਨਹੀਂ

ਲਾਲਟੇਨ ਦੀ ਰੌਸ਼ਨੀ 'ਚ ਗਈ ਹੈ

-ਕਦ ਆਵੇਗੀ ?

-ਜਦ ਗਾ ਲਵੇਗੀ

ਇਕੱਲਿਆਂ ਕੀ ਗਾਵੇਗੀ

ਇੱਕ ਔਰਤ ਭਲਾ ?

-ਕੁੱਝ ਵੀ ਜੋ ਜਨਮੇਗਾ

ਗਾਉਣ ਲਈ ਜਰੂਰੀ ਹੈ

ਉਸਦਾ ਇੰਝ ਜੰਗਲ ਜਾਣਾ ?

ਕੀ ਉਹ ਇੰਝ ਹੀ ਨਹੀਂ ਗਾ ਸਕਦੀ ?

ਜੀਕਣ ਚਲਦਿਆਂ-ਫਿਰਦਿਆਂ ਕਰ ਲੈਂਦੀ ਹੈ ਰਸੋਈ

ਕੀ ਪੂਰੇ ਦਾ ਪੂਰਾ

ਅੱਜ ਹੀ ਗਾ ਲਵੇਗੀ ਉਹ, ਉੱਥੇ ?

-ਨਹੀਂ, ਜੋ ਬਚ ਜਾਵੇਗਾ

ਦੁਆਰਾ ਗਾਉਣ ਜਾਵੇਗੀ

ਕਦੋਂ ਜੰਮਦਾ ਹੈ ਉਸਦੇ ਅੰਦਰ

ਅਜੇਹਾ ਕੁੱਝ ਜਿਸਨੂੰ ਗਾਇਆ ਜਾ ਸਕੇ ?

## ਔਰਤ

ਖਾਵੰਦ ਲਈ

ਇਕ ਪਹਿਰ ਦਾ

ਰਿੰਨ੍ਹਦਿਆਂ-ਰਿੰਨ੍ਹਦਿਆਂ

ਖ਼ੁਸ਼ਬੋਈ ਨਾਲ ਭਰ ਜਾਂਦਾ ਹੈ ਪੇਟ

ਖਾਵੰਦ ਜੋ

ਦੂਸਰੇ ਪਹਿਰ ਤੀਕ

ਪਹਿਲੇ ਪਹਿਰ ਦਾ

ਸਵਾਦ ਭੁੱਲ ਜਾਂਦਾ ਹੈ

**ਈਸ਼ਵਰ**

(**ਇੱਕ**)

ਕਦੀਂ-ਕਦਾਈਂ
ਮੰਦਰਾਂ, ਮਸੀਤਾਂ, ਗੁਰਦੁਆਰਿਆਂ ’ਚ
ਕੋਈ ਆਦਿ ਧੁਨ ਗੂੰਜਦੀ ਹੈ
ਤੇ ਮੈਂ ਫਿਰ ਨੱਸ ਪੈਂਦਾ ਹਾਂ

ਫਿਰ, ਫੇਰ ਪੁਕਾਰਦਾਂ ਹਾਂ
ਸੁਣ....ਸੁਣ ਵਾਪਿਸ ਲੈ ਲੈ
ਵਾਪਸ ਲੈ ਲੈ
ਮੇਰੀ ਇਹ ਭਟਕਣ ਵਾਪਸ ਲੈ-ਲੈ
ਵਾਪਸ ਲੈ-ਲੈ ਮੇਰੀ ਨੀਂਹ ਦੀ ਇੱਕ-ਇੱਕ ਇੱਟ

ਵੱਧਣ ਲੱਗਦੀ ਹੈ
ਅੰਦਰ ਕੜੱਤਣ

ਅੰਦਰ ਦਾ ਕਸੈਲਾਪਣ

ਦੁਖਣ ਲੱਗਦੀਆਂ ਨੇ ਉਂਗਲੀਆਂ ਦੀਆਂ ਕੋਰਾਂ

ਹੱਥ ਚੌੜੇ ਹੋ ਜਾਂਦੇ ਨੇ

ਲੰਮੇਰੀਆਂ ਹੋ ਜਾਂਦੀਆਂ ਨੇ ਲਹੂ ਭਰੀਆਂ ਨਾੜੀਆਂ

ਕੰਬਦੇ ਪੈਰਾਂ ਵਿੱਚੋਂ

ਕਿਰਨ ਲੱਗਦੀ ਹੈ ਨੀਂਹ ਦੀ ਇੱਕ-ਇੱਕ ਇੱਟ

**ਈਸ਼ਵਰ**

(ਦੋ)

ਪਹੁੰਚਿਆ ਹਾਂ ਉੱਥੇ

ਜਿੱਥੇ ਦਿੱਤੇ ਸੀ ਤੂੰ ਮੈਨੂੰ

ਮੂੰਗ ਰੰਗੇ ਗੁਲਾਬ

ਤੇ ਹਰਿਆ-ਭਰਿਆ ਮੈਂ

ਤ੍ਰਭਕ ਗਿਆ ਹਾਂ

ਹੋਰ ਨਹੀਂ ਭਟਕਾਂਗਾ ਹੁਣ

ਤੂੰ ਮੈਨੂੰ ਹਰ ਵਾਰ

ਘਰੋਂ ਬਾਹਰ ਕੱਢ

ਆਪਣੇ ਸੰਖਾਂ ਦੀ ਆਦਿ ਧੁਨ ਪਿੱਛੇ ਵਰਗਲਾਇਆ ਹੈ

ਹੇ ਈਸ਼ਵਰ

ਤੇਰੀ ਛੱਤ ’ਤੇ ਪਹੁੰਚ ਕੇ

ਚੰਦ ਵਾਂਗਰ ਰੰਗਿਆ ਗਿਆ ਹਾਂ ਮੈਂ

ਇਹ ਮੇਰੀ ਹਾਰ ਨਹੀਂ ਹੈ ਈਸ਼ਵਰ

ਇੱਥੋਂ ਤਾਂ ਸਾਫ਼ ਨਜ਼ਰ ਆ ਰਹੇ ਨੇ

ਉਹ ਰਾਹ ਜਿਨ੍ਹਾਂ ’ਤੇ ਭਟਕਦਾ ਮੈਂ

ਕਈ ਵਾਰ ਅੱਧੋਪਾਟ ਹੋ ਜਾਂਦਾ ਸੀ

ਤੇ ਕਈ ਵਾਰ ਗੁਆ ਬੈਠਦਾ ਸੀ

ਆਪਣੀ ਰੀੜ੍ਹ ਦੀ ਹੱਡੀ

ਦੋਹਰਾ ਹੋ–ਹੋ ਜਾਂਦਾ ਸੀ

ਭੈ ਖਾਂਦਾ ਸੀ

**ਸਦੀਆਂ ਬਾਅਦ**

ਅਸੀਂ ਸਹਿਜ਼ਾਦੇ ਹਾਂ

ਅਸਾਡੇ ਰਥਾਂ ਨੂੰ

ਅਸਾਡੇ ਘੋੜਿਆਂ ਨੂੰ

ਪੈਰਾਂ ਨੂੰ ਅਸਾਡੇ

ਹਾਲੇ ਲੱਗੇ ਨੇ

ਗੁਆਚ ਗਈਆਂ ਚਾਬੀਆਂ ਵਾਲੇ ਜਿੰਦਰੇ

ਆਦਮ-ਬੋ

ਆਦਮ-ਬੋ

ਕਰਦਿਆਂ ਹੋਇਆਂ

ਆਵੇਗਾ ਕੋਈ ਸਹਿਜ਼ਾਦਾ ਤੇ

ਸਦੀਆਂ ਬਾਅਦ

ਮੁਕਤ ਕਰ ਦੇਵੇਗਾ

ਆਪਣੇ ਪੁਰਖ਼ਿਆਂ ਨੂੰ

**ਡਰ**

ਮਾਂ

ਇਹ ਕੀ ਕਰ ਦਿੱਤਾ

ਆਪਣੇ ਹਿੱਸੇ ਦਾ ਡਰ

ਮੇਰੀਆਂ ਰਗਾਂ ’ਚ

ਭਰ ਦਿੱਤਾ

ਤੇਰੇ ਪਾਣੀਆਂ 'ਚ

ਆਪਣੇ ਪਾਣੀਆਂ 'ਚ

ਉਤਰਿਆ ਹੈ ਕੀਰਤਪੁਰ

ਜੀਕਣ

ਉਤਰੇਗੀ ਉਹ

ਤੇਰੇ ਪਾਣੀਆਂ ’ਚ ਇਕ ਦਿਨ

ਜਿਉਂਦੇ ਜੀ

**ਸਖ਼ੀ**

ਇਕ ਪੁਰਾਣੀ ਸਖ਼ੀ

ਆ ਗਈ ਹੈ ਸਿਮਰਤੀਆਂ 'ਚ

ਉਸਦੇ ਨਾਲ ਹੀ ਯਾਦ ਆ ਗਈਆਂ ਨੇ

ਭੁੱਲੀਆਂ ਹੋਈਆਂ ਅਰਦਾਸਾਂ

ਸਖ਼ੀ ਦੇ ਨਾਲ ਦਰੀ 'ਤੇ ਉਡ ਰਿਹਾ ਹਾਂ

ਤੇ ਦਰੀ ਦੇ ਕਿਨਾਰਿਆਂ 'ਤੇ ਆ ਬੈਠਾ ਹੈ

ਸਖੀ ਨੂੰ ਭੁੱਲਣ ਦਾ ਉਹ ਸਮਾਂ

ਜੋ ਸਿਮਰਤੀਆਂ 'ਚ ਹੈ

ਪੰਛੀ ਟਕਰਾਉਂਦੇ ਨੇ ਹਵਾ ਵਿਚ

ਸਖੀ ਆਪਣੇ ਖੰਭ ਸਮੇਟ ਲੈਂਦੀ ਹੈ

ਦੂਰ ਤਕ ਤਾਰ ਦਾ ਬਿਸਤਾਰਾ ਹੈ

ਝੁਕ ਜਾਂਦੀ ਹੈ ਸਖ਼ੀ

ਆਹ ਲੈ…ਆਪਣੀ ਘੜੀ…ਆਪਣਾ ਖ਼ਿਆਲ

ਆਹ ਲੈ ਆਪਣੇ ਸੁਪਨੇ

ਇਕ-ਇਕ ਕਰ ਕੇ

ਦੇ ਰਹੀ ਹੈ ਵਾਪਸ ਸਾਰੇ ਦਾ ਸਾਰਾ

ਅਤੇ ਹਵਾ ’ਚ ਲਟਕੀ ਇੱਕ ਅਮਰਵੇਲ

ਸੁੱਕ ਗਈ ਹੈ...ਸਖ਼ੀ ਦੇ ਪੈਰਾਂ ਨਾਲ ਲੱਗ ਕੇ

ਅਤੇ ਸੁੱਕ ਗਿਆ ਹੈ ਧਰਤੀ ’ਤੇ

ਰੁਮਕਦਾ...ਡੁੱਲ-ਡੁੱਲ ਜਾਂਦਾ ਮੇਰੇ ਬੱਚਿਆਂ ਦਾ ਹਾਸਾ

(ਦੋ)

ਉੱਪਰ ਹਵਾ ’ਚ

ਅਨੰਤ ਆਕਾਸ਼ ’ਚ

ਸਖ਼ੀ ਸਮੇਟ ਰਹੀ ਹੈ ਆਪਣੇ ਖੰਭ

ਧੂੜ ਉੱਡਦੀ ਹੈ ਹਵਾ ’ਚ

ਸਖੀ ਬੰਨ ਲੈਂਦੀ ਹੈ ਅੱਖਾਂ ਦੀਆਂ ਕੋਰਾਂ ਨਾਲ

ਬਿਰਖਾਂ ਤੋਂ ਡਿੱਗਦੇ ਨੇ ਪੱਤੇ, ਫਲ, ਕੰਡੇ

ਸਖ਼ੀ ਸਮੇਟ ਲੈਂਦੀ ਹੈ ਆਪਣੀ ਅਨੰਤ ਗਹਰਾਈ ’ਚ

ਸਾਰੀਆਂ ਡਿੱਗ ਰਹੀਆਂ ਵਸਤਾਂ

ਸਮੇਟ ਰਹੀ ਹੈ ਸਖ਼ੀ

ਇਸੇ ਤਰ੍ਹਾਂ

ਫੇਲ ਹੋ ਜਾਂਦਾ ਹੈ

ਨਿਯੂਟਨ ਦਾ ਗੁਰੂਤਾ ਆਕਰਸ਼ਣ

**ਬੇਦਖ਼ਲੀ**

ਜਦ ਵੀ

ਯਾਤਨਾਵਾਂ ਵੱਲ ਪਿੱਠ ਕਰਕੇ

ਘਰ ਨੂੰ ਮੁੜਦਾ ਹਾਂ

ਨਾਲ ਹੀ ਮੁੜ ਆਉਂਦੇ ਨੇ

ਘਰੋਂ ਨੱਸੇ ਹੋਏ ਬੱਚੇ

ਮੁੜ ਆਉਂਦੀਆਂ ਨੇ

ਘਰਾਂ ਵਿਚੋਂ ਨੱਸੀਆਂ ਹੋਈਆਂ ਔਰਤਾਂ

ਕਰਤਾਰੇ ਦੀ ਨੂੰਹ ਪਰਤ ਆਉਂਦੀ ਹੈ ਵਾਪਸ

ਕਰਤਾਰਾ ਤਲਵਾਰ ਨਾਲ ਉਸਦਾ ਸਿਰ ਵੱਢ ਸੁੱਟਦਾ ਹੈ

ਨਹੀਂ-ਨਹੀਂ ਮੈਂ ਹੁਣ ਕਦੇ ਨਹੀਂ ਪਰਤਾਂਗਾ

ਤੇ ਮੈਂ ਫਿਰ ਨੱਸ ਪੈਂਦਾ ਹਾਂ

ਕਰਤਾਰੇ ਦੀ ਨੂੰਹ ਦੇ ਧੜ ਨਾਲ ਨੱਸਦਾ-ਨੱਸਦਾ

ਗੋਲ-ਗੋਲ ਘੁੰਮਦਾ ਹੈ ਮੇਰਾ ਸ਼ਰੀਰ

ਰੂਹ ਕਿੱਧਰੇ ਦੂਸਰੀਆਂ ਔਰਤਾਂ ਨਾਲ

ਨੱਸ ਰਹੀ ਹੈ ਕਿਸੇ ਦੂਸਰੀ ਥਾਂ

ਭੱਜਦਾ ਹਾਂ ਮੈਂ

ਤੇ ਨਾਲ-ਨਾਲ ਭੱਜ ਰਹੇ ਨੇ ਧੜ

ਹਜਾਰਾਂ ਔਰਤਾਂ ਗੁਆਚੇ ਸਿਰਾਂ ਸਮੇਤ ਨੱਸ ਰਹੀਆਂ ਨੇ

ਮੇਰੇ ਨਾਲ

ਘਰਾਂ ਵਿਚ ਛੱਡ ਕੇ ਬੇਦਖ਼ਲੀ ਦੇ ਕਾਗ਼ਜ਼

## ਸਹੁਰੇ ਘਰੋਂ ਆਈ ਭੈਣ

## ਇੱਕ

ਚੁੱਕ ਕੇ ਲੈ ਆਈ ਹੈ

ਅੱਧ ਬੁਣਿਆ ਹੋਇਆ ਸਵੈਟਰ

ਆਉਂਦੇ ਹੋਏ

ਰਸਤੇ 'ਚ ਰਿਕਸ਼ਾ ਰੋਕ ਕੇ

ਖਰੀਦ ਲਿਆਈ ਹੈ ਨਿੰਬੂ

ਥੋੜੀ ਜਿਹੀ ਹਰੀ ਮਿਰਚ

ਸੋਚਦੇ ਹੋਏ–

ਆਚਾਰ ਵੀ ਇੱਥੇ ਬਣਾ ਲਵਾਂਗੀ

ਇੰਨੇ ਦਿਨ ਕੀ ਕਰਾਂਗੀ

ਖਾਲੀ-ਖਾਲੀ

ਊੜਾ-ਐੜਾ ਸਿਖਾ ਦੇਵਾਂਗੀ ਬੱਚੀ ਨੂੰ

ਨਾਲ ਹੀ ਚੁੱਕ ਕੇ ਲੈ ਆਈ ਹੈ ਸਕੂਲੀ ਬਸਤੇ

ਸਹੁਰੇ ਘਰੋਂ ਆਈ ਹੈ ਭੈਣ

ਨਾਲ ਹੀ ਟੁਰ ਆਇਆ ਹੈ ਘਰ

## ਦੋ

ਸਾਰੀ ਰਾਤ

ਗੱਲਾਂ ਕਰਦੀ ਰਹੀ ਮਾਂ

ਰੋਜ਼-ਰੋਜ਼ ਨਹੀਂ ਆਉਂਦੀਆਂ

ਸਹੁਰੇ ਘਰੋਂ ਕੁੜੀਆਂ

ਵੈਲਵਟ ਦੇ ਸਿਰਹਾਣੇ

ਕੱਢ ਕੇ ਲਿਆਇਆ ਹੈ ਭਰਾ

ਰੋਜ਼-ਰੋਜ਼ ਨਹੀਂ ਸੌਂਦੀਆਂ ਬਰਾਂਡੇ ‘ਚ ਭੈਣਾਂ

ਦਾਰ ਜੀ ਛਿੱਲ-ਛਿੱਲ ਕੇ ਦੇ ਰਹੇ ਨੇ ਗੰਨੇ

ਸਹੁਰੇ ਘਰ ਨਹੀਂ ਮਿਲਦਾ ਅਜਿਹਾ ਸਵਾਦ

ਸਹੁਰੇ ਘਰੋਂ ਆਉਂਦੀ ਹੈ ਭੈਣ
ਤੇ ਸਾਰੇ ਦੇ ਸਾਰੇ ਲੱਗ ਜਾਂਦੇ ਨੇ ਕੰਮ

## ਤਿੰਨ

ਗਾਂ ਕੋਲ ਖਾਂਦਾ ਹੈ ਬੱਛਾ
ਇਕਟਕ ਦੇਖ ਰਿਹਾ ਹੈ ਬਾਹਰ
ਸ਼ਾਇਦ ਦਰਵਾਜ਼ੇ ਤੋਂ ਹੁਣੇ ਬਾਹਰ ਗਈ ਹੈ ਮਾਂ

ਬਰਸਾਤੀ ਟੰਗੀ ਹੈ
ਬਰਾਂਡੇ ਵਿੱਚ
ਟਿਕਾਣੇ ਸਿਰ ਪਿਆ ਹੈ ਹਲ਼
ਬਲਦ ਖੜੇ ਨੇ ਚੁੱਪ-ਚਾਪ

ਇੱਥੇ ਹੀ ਕਿਤੇ ਹੋਣਗੇ ਦਾਰ ਜੀ
ਖਿੱਲ੍ਹਰੇ ਪਏ ਨੇ ਬਸਤੇ
ਟੈਲੀਫ਼ੋਨ ਵੱਜ ਰਿਹਾ ਹੈ

ਆਪਣੀ ਥਾਂ ‘ਤੇ

ਕਿੱਥੇ ਗਈ ਹੋਣੀ ਭੈਣ

ਇਸ ਵੇਲੇ

ਸਾਰਾ ਕੁੱਝ ਖਿੰਡਰਿਆ ਹੋਇਆ ਛੱਡ ਕੇ

## ਮੈਂ ਬਹੁਤ ਉਦਾਸ ਹਾਂ

ਮੈਂ ਬਹੁਤ ਉਦਾਸ ਹਾਂ

ਸੱਚ-ਸੱਚ ਦੱਸ

ਇੰਨੀ ਵੱਡੀ ਦੁਨੀਆਂ ਛੱਡ ਕੇ

ਤੂੰ ਚੰਡੀਗੜ੍ਹ ਕਿਉਂ ਪਰਤ ਜਾਣਾ ਚਾਹੁੰਦੀ ਸੀ

ਚੰਡੀਗੜ੍ਹ ਜੇਹੇ ਹੁਸੀਨ ਸ਼ਹਿਰ ‘ਚ ਤੂੰ ਉਹਨਾਂ ਸੁਪਨਿਆਂ ਦਾ ਕੀ ਕਰਦੀ ਹੈਂ

ਜੋ ਤੂੰ ਦਿੱਲੀ ਜੇਹੇ ਕਰੂਰ ਸ਼ਹਿਰ ‘ਚ ਇਜ਼ਾਦ ਕੀਤੇ ਸਨ

ਲੰਮੇ ਸਮੇਂ ਬਾਅਦ

ਤੈਨੂੰ ਖ਼ਤ ਲਿਖਦਿਆਂ ਹੋਇਆਂ

ਸੋਚ ਰਿਹਾ ਹਾਂ

ਤੂੰ ਉਸ ਬਰਸਾਤੀ ਦਾ ਕੀ ਕੀਤਾ ਹੋਣਾ

ਜਿਸਨੇ ਆਪਾਂ ਦੋਵਾਂ ਨੂੰ ਭਿੱਜਣ ਤੋਂ ਬਚਾ ਕੇ ਰੱਖਿਆ ਸੀ

ਕਿ ਇੰਨੇ ਵਰ੍ਹਿਆਂ ਬਾਅਦ ਵੀ
ਤੂੰ ਮੈਨੂੰ ਉਸੇ ਹਮਕਲਮ ਦੋਸਤ ਵਾਂਗ ਨਹੀਂ ਦੇਖਦੀ
ਜੋ ਤੇਰੇ ਸਾਰੇ ਦੁਖਾਂ ਨੂੰ ਘੱਟ ਕਰਨ ਲਈ
ਲੜ ਸਕਦਾ ਹੈ
ਹਾਲੇ ਵੀ

ਉਹ ਸ਼ਹਿਰ ਕੇਹਾ ਹੈ
ਜਿੱਥੇ ਅਸੀਂ ਕੁੱਝ ਵਰ੍ਹੇ
ਹੋਰ ਇਕੱਠਿਆਂ ਰਹਿਣਾ ਸੀ
ਬਿਨਾਂ ਕਿਸੇ ਸ਼ਰਤ ਦੇ
ਜਿੱਥੇ ਸਾਡੇ ਹਿੱਸੇ ਦੀਆਂ ਬਹੁਤ ਸਾਰੀਆਂ ਹਿਚਕੀਆਂ
ਪਲਾਥੀ ਮਾਰ ਕੇ ਬੈਠੀਆਂ ਨੇ

ਜਿੱਥੇ ਅੱਧੀ ਰਾਤੀਂ ਕੋਈ
ਗੱਭਰੂ ਜਵਾਨ ਮੁੰਡਾ
ਇੱਕ ਸ਼ੋਖ ਨਟਖਟ ਕੁੜੀ ਨੂੰ ਮਿਲਦਾ ਹੈ

ਜਿੱਥੇ ਕਿਸੇ ਬਿਰਖ ਦੇ ਤਣੇ ‘ਤੇ ਲਿਖਿਆ ਹੈ-

ਮੈਂ ਤੈਨੂੰ ਉਸ ਤਰ੍ਹਾਂ ਨਹੀਂ ਜਾਣ ਦੇਵਾਂਗੀ

ਜੀਕਣ ਤੂੰ ਚਲੇ ਜਾਣਾ ਚਾਹੁੰਦਾ ਹੈਂ

ਅਤੇ ਕੌਣ ਜਾਣੇ, ਉਹ ਮੁੰਡਾ ਕਦ ਚਲਾ ਗਿਆ ਹੋਵੇ

ਇੰਨੇ ਵੱਡੇ ਸ਼ਹਿਰ ‘ਚ ਬਿਰਖਾਂ ‘ਤੇ
ਕਿਸੇ ਦਾ ਲਿਖਿਆ ਕੌਣ ਪੜ੍ਹਦਾ ਹੈ ਭਲਾ

ਪੜ੍ਹ ਵੀ ਲਵੇ ਕੋਈ

ਤਾਂ ਵੀ ਕਿਸਨੂੰ ਕਹੇਗਾ ਜਾ ਕੇ

ਕਿ ਦੇਖ ਓਧਰ ਬਿਰਖ ‘ਤੇ ਤੇਰੇ ਲਈ

ਕੋਈ ਸਨੇਹਾ ਛੱਡ ਗਿਆ ਹੈ

ਟ੍ਰੈਫਿਕ ਦੀ ਅੰਨ੍ਹੀ ਲਾਇਨ ‘ਚ ਖੜੀ

ਤੇਰੀ ਗੱਡੀ ਦੀ ਜਗਦੀ-ਬੁਝਦੀ ਬੱਤੀ ਦੇਖ ਕੇ ਪੁੱਛਦਾ ਹਾਂ-

ਇੰਨੀ ਠੰਡ ‘ਚ ਕਿੱਥੇ ਜਾ ਰਹੀ ਹੈਂ

ਫਿਰ ਪਰਤ ਆਉਂਦਾ ਹਾਂ

ਤੇਰੀਆਂ ਨਜ਼ਰਾਂ ਕਹਿੰਦੀਆਂ ਨੇ

ਕਿੱਧਰੇ ਨਹੀਂ, ਬਸ ਥੋੜਾ ਮਨ ਬਦਲਣ ਲਈ ਨਿੱਕਲੀ ਹਾਂ

ਤੇਰੀ ਤਰ੍ਹਾਂ ਕੁੱਝ ਦਿਨਾਂ ਤੋਂ ਮੈਂ ਵੀ ਬਹੁਤ ਉਦਾਸ ਹਾਂ

# ਆ

ਆ

ਅਤੇ ਆਉਣ ਤੋਂ ਪਹਿਲਾਂ

ਭੁੱਲ ਜਾਵੀਂ ਜਾਣ ਦੇ ਸਾਰੇ ਰਸਤੇ

ਉਨ੍ਹਾਂ ਰਸਤਿਆਂ ‘ਤੇ ਚੱਲ ਕੇ ਆਵੀਂ

ਜਿੱਥੇ ਲਿਖਿਆ ਹੈ

‘ਜਾਣ ਦੇ ਸਾਰੇ ਰਸਤੇ

ਬੰਦ ਨੇ’

## ਤੇਰੀ ਆਵਾਜ਼

ਤੇਰੀ ਆਵਾਜ਼ ਇੱਕ ਦ੍ਰਿਸ਼ ਹੈ

ਬਿਨਾਂ ਕਿਸੇ ਅਰਥ ਦੀ ਪਰਵਾਹ ਕੀਤਿਆਂ

ਦੇਖਦਾ ਹਾਂ

ਤੇ ਆਰ-ਪਾਰ ਹੋ ਜਾਂਦਾ ਹਾਂ

ਦ੍ਰਿਸ਼ ਦੇ

## ਇਸ ਤਰ੍ਹਾਂ

ਉਸਨੇ ਹੱਸ ਕੇ ਕਿਹਾ ਸੀ

ਤੇ ਮੈਂ ਕਹੇ ਹੋਏ ਵਿੱਚੋਂ ਉਸਦੇ ਹਾਸੇ ਨੂੰ

ਗਾਇਬ ਕਰ ਕੇ ਸੁਣ ਰਿਹਾ ਸੀ

ਕਹੇ ਹੋਏ ਵਿੱਚੋਂ ਹਾਸੇ ਦੇ ਇਸ ਤਰ੍ਹਾਂ ਗਾਇਬ ਹੋਣ ਨਾਲ

ਕੁੱਝ ਸ਼ਬਦ ਘੱਟ ਸੁਣਾਈ ਦੇ ਰਹੇ ਸਨ

ਬਾਅਦ ਵਿੱਚ ਪਤਾ ਲੱਗਾ ਕਿ

ਉਹ ਸ਼ਬਦ ਹੀ ਸਨ ਜਿਸਨੂੰ ਮੈਂ ਹਾਸਾ ਸਮਝ ਕੇ

ਗਾਇਬ ਕਰ ਰਿਹਾ ਸਾਂ

ਇਸ ਤਰ੍ਹਾਂ ਉਸ ਦਿਨ ਮੈਂ ਉਸਨੂੰ ਅਧੂਰਾ ਸੁਣਿਆ

ਸੁਣੇ ਹੋਏ ਇਸ ਅਧੂਰੇ ‘ਚ

ਬਾਅਦ ਵਿੱਚ ਮੈਂ

ਆਪਣਾ ਹਾਸਾ ਸ਼ਾਮਿਲ ਕਰ ਦਿੱਤਾ

ਇਸ ਤਰ੍ਹਾਂ ਵਾਕ ਦੋ ਮਨੁੱਖਾਂ ਦੇ ਸਨ

ਜੇਕਰ ਕੋਈ ਬਿਰਖ਼ ਹੁੰਦਾ ਮੇਰੀ ਥਾਂ ‘ਤੇ

ਤਾਂ

ਇਹ ਇੱਕ ਪੇਂਡੂ ਕਿਸਮ ਦਾ ਪ੍ਰਯੋਗ ਹੁੰਦਾ

## ਦਿਨ

ਗੱਲ ਦਰਅਸਲ ਤਾਰੀਕਾਂ ਦੀ ਸੀ

ਬਾਅਦ ‘ਚ ਕਿਸੇ ਨੇ

ਉਸ ‘ਚ ਦਿਨਾਂ ਨੂੰ ਸ਼ਾਮਿਲ ਕਰ ਦਿੱਤਾ

ਦਿਨਾਂ ਦੇ ਇਸ ਤਰ੍ਹਾਂ ਸ਼ਾਮਿਲ ਹੋ ਜਾਣ ਕਾਰਣ

ਤਾਰੀਕਾਂ ਦੇ ਨਾਲ-ਨਾਲ

ਦਿਨਾਂ ਦਾ ਬਦਲਣਾ ਵੀ ਜਰੂਰੀ ਸੀ

ਉਹ ਕੋਈ ਨਕੰਮਾ ਆਦਮੀ ਸੀ

ਜਿਸਨੇ ਤਰੀਕਾਂ ਦੇ ਬਦਲਦੇ ਕ੍ਰਮ ਨੂੰ ਦਿਨਾਂ ਨਾਲ ਜੋੜ ਦਿੱਤਾ ਸੀ

ਤੇ ਇਹ ਇੱਕ ਵੇਹਲੜ ਕਿਸਮ ਦਾ ਪ੍ਰਯੋਗ ਸੀ

# ਤੇਰੀ ਯਾਦ

ਕੀ ਤੂੰ ਰੱਖ ਸਕਦੈਂ

ਉਂਗਲ

ਠੀਕ ਉਸੇ ਥਾਂ

ਜਿੱਥੋਂ ਉੱਠਦੀ ਹੈ ਚੀਸ

ਉੱਠ ‘ਤੇ ਬੈਠੇ ਆਦਮੀ ਵਾਂਗਰ

ਹੌਲੀ–ਹੌਲੀ

ਹਿੱਲਦੀ–ਹਿੱਲਦੀ

## ਕਾ.ਗਜ਼

ਜੰਗਾਲ ਲੱਗੀਆਂ ਕੁੰਡੀਆਂ

ਬੰਦ ਪਏ ਦਰਾਜਾਂ ਵਿੱਚੋਂ

ਨਿਕਲਣਗੇ ਦਸਤਾਵੇਜ

ਬੰਦ ਪਈਆਂ ਫਾਇਲਾਂ ਖੁੱਲਣਗੀਆਂ ਇੱਕ ਦਿਨ

ਮੇਜ ‘ਤੇ ਲੱਗੀ ਕੁਰਸੀ ‘ਤੇ ਬੈਠ ਕੇ

ਲਿਖੇਗਾ ਭੋਲਾਰਾਮ

ਅਤੇ

ਉਸਦਾ ਲਿਖਿਆ ਹੋਇਆ

ਸਭ ਕੁੱਝ ਪੜ੍ਹਿਆ ਜਾਵੇਗਾ

ਇਕ ਦਿਨ

# ਕੁੱਝ ਨਹੀਂ

ਦੁੱਖ ਸੀ

ਮਣ ਕੁ

ਉਦਾਸੀ     ਸੀ

ਤੋਲਾ ਕੁ

ਮਾਸਾ ਕੁ ਰੋਣੈ 'ਚ

ਰਲਾ ਕੇ ਪੀ ਲਿਆ ਸਭ

ਹੁਣ

ਹੁਣ ਤੇ ਕੁੱਝ ਵੀ ਨਹੀਂ

# ਪੁਲ

ਨਦੀ ਹੱਕ ਕੇ ਲੈ ਗਈ ਉਸਨੂੰ

ਬੱਕਰੀਆਂ ਦੇ ਇੱਜੜ ਜਿਹਾ

ਪੁਲ

ਖਿਸਕਦਾ ਚਲਿਆ ਗਿਆ

# ਔਰਤ

# ਇੱਕ

ਪਿਆਰ ਨਹੀਂ ਹੋਵੇਗਾ

ਉਸਨੂੰ ਜਦ

ਉਹ ਪਾਰ ਕਰ ਲਵੇਗੀ

ਮੀਲਾਂ ਲੰਮੀ ਦੂਰੀ

ਜਾ ਪਹੁੰਚੇਗੀ ਪੁਰਖਾਂ ਦੀਆਂ ਕਨਪਟੀਆਂ ਤੋਂ ਓਹਲੇ

ਇਸੇ ਯਾਤਰਾ ‘ਚ

ਉਹ ਜਾਣੇਗੀ ਆਪਣੇ ਗੋਡਿਆਂ, ਘੁਟਨਿਆਂ ਅਤੇ ਜਾਂਘਾਂ ਅੰਦਰ

ਘੁੰਮ ਰਹੀ ਉਦਾਸੀ ਬਾਰੇ

ਪਿਆਰ ਨਹੀਂ ਹੋਵੇਗਾ ਉਸਨੂੰ ਜਦ ਕਿਸੇ ਨਾਲ

ਉਹ ਜੀ ਲਵੇਗੀ ਆਪਣਾ ਜੀਵਨ

ਆਪਣੀ ਹੋਂਦ ਦੇ ਨਾਲ

## ਦੋ

ਸਵਖਤੇ ਚਾਹ ਵੇਲੇ

ਆ ਰਹੀਆਂ ਨੇ ਕੀੜੀਆਂ

ਬੱਚਾ ਪੜ੍ਹ ਰਿਹਾ ਹੈ ਕਿਤਾਬ

'ਕੀੜੀਆਂ ਮਾਅਨੇ ਔਰਤਾਂ'

ਇੰਨੇ ਸਲੀਕੇ ਨਾਲ ਕਿਸ ਨੇ ਜੜ ਦਿੱਤੀਆਂ

ਇੰਨੀਆਂ ਸਾਰੀਆਂ ਔਰਤਾਂ ਕਤਾਰ ਵਿੱਚ

ਕਿ ਰਤਾ ਵੀ ਘਬਰਾਏ ਵਗੈਰ

ਜਾ ਰਹੀਆਂ ਨੇ ਦੀਵਾਰ ਦੇ ਉਸ ਪਾਰ

'ਔਰਤਾਂ ਮਾਅਨੇ ਕੀੜੀਆਂ'

ਉਸ ਪਾਰ ਉਤਰ ਕੇ

ਪਹਿਲੀ ਵਾਰ ਗਾਉਣਗੀਆਂ

ਇੰਨੀ ਸਾਰੀਆਂ ਔਰਤਾਂ

ਉਹ ਗੀਤ

ਜੋ ਲਿਖਿਆ ਹੋਣਾ

ਤੁਹਾਡੇ ਘਰ ਦੀ ਹੀ ਕਿਸੇ ਔਰਤ ਨੇ

## ਤਿੰਨ

ਉਸਨੇ ਕਿਹਾ– ਜਾਂਦਾ ਹਾਂ

ਤੂੰ ਸੁਣਿਆ– ਮੈਂ ਤਾਂ ਆ ਹੀ ਰਿਹਾ ਸੀ ਤੇਰੇ ਕੋਲ

ਉਸਨੇ ਕਿਹਾ– ਤੂੰ ਹੁਣ ਪਹਿਲਾਂ ਵਾਂਗਰ ਨਹੀਂ ਰਹੀ

ਕਾਫ਼ੀ ਬਦਲ ਗਈ ਏਂ ਚਿਹਰੇ ਤੋਂ

ਤੂੰ ਸੁਣਿਆ– ਤੂੰ ਤਾਂ ਹਾਲੇ ਵੀ ਓਵੇਂ ਹੀ ਹੈਂ ਪਹਿਲਾਂ ਵਾਂਗਰ

ਉਸਨੇ ਕਿਹਾ– ਇਸ ਸ਼ਹਿਰ ‘ਚ ਹੁਣ ਹੋਰ ਨਹੀਂ ਰੁਕ ਸਕਦਾ ਮੈਂ

ਤੂੰ ਸੁਣਿਆ– ਇਸ ਸ਼ਹਿਰ ‘ਚੋਂ ਹੁਣ ਜਾ ਨਹੀਂ ਸਕਦਾ ਮੈਂ

ਉਸਨੇ ਕਿਹਾ– ਤੂੰ ਹਾਲੇ ਵੀ ਇਕੱਲੀ ਹੈਂ

ਤੂੰ ਸੁਣਿਆ– ਮੈਂ ਤਾਂ ਇੱਥੇ ਹੀ ਸਾਂ ਤੇਰੇ ਕੋਲ

ਠੀਕ–ਠੀਕ ਸੁਣ ਤੇ ਨਿੱਕਲ ਜਾ ਬਾਹਰ

ਏਦਾਂ ਡੁੱਬੇ ਰਹਿਣ ਦਾ ਹੁਣ ਕੋਈ ਫਾਇਦਾ ਨਹੀਂ

## ਚਾਰ

ਉਸਨੂੰ ਹਮੇਸ਼ਾ ਲੱਗਦਾ ਸੀ

ਕਿ ਉਸਦੀ ਔਰਤ ਉਸ ਤੋਂ

ਕੁੱਝ ਚੀਜ਼ਾਂ ਲੁਕੋ ਲੈਂਦੀ ਹੈ

ਕਈ ਅਜਿਹੀਆਂ ਗੱਲਾਂ ਜੋ ਦੱਸ ਸਕਣਾ ਔਰਤ ਲਈ ਖ਼ਤਰਨਾਕ ਹੁੰਦਾ ਹੈ

ਜਦੋਂ ਕਿ ਉਨ੍ਹੀਂ ਦਿਨੀਂ ਜੋ ਵੀ ਸੀ ਸਭ ਸਾਹਮਣੇ ਸੀ

ਉਸਨੇ ਸ਼ੋਹਰ ਤੋਂ ਕੁੱਝ ਨਹੀਂ ਸੀ ਲੁਕੋਇਆ

ਫਿਰ ਪਤਾ ਨਹੀਂ ਕੀ ਵਾਪਰਿਆ

ਕਿ ਉਸਨੇ ਅਣਵਾਪਰੀਆਂ ਮਨਘੜਤ ਗੱਲਾਂ

ਉਸਨੂੰ ਦੱਸਣੀਆਂ ਸ਼ੁਰੂ ਕਰ ਦਿੱਤੀਆਂ

ਮਸਲਨ ਉਸ ਦਿਨ ਹਨੇਰੇ ‘ਚ ਕੋਈ ਨਹੀਂ ਸੀ

ਪਰ ਉਹ ਦੌੜਦੀ ਹੋਈ ਆਈ

ਤੇ ਆਪਣੇ ਸ਼ੌਹਰ ਨੂੰ ਕਿਹਾ

ਓਥੇ ਕੋਈ ਹੈ

ਉਹ ਟੋਲ੍ਹਦਾ ਹੋਇਆ ਗਿਆ

ਜਦਕਿ ਟੋਲ੍ਹਣ ‘ਚ ਮਿਲਿਆ ਕੁੱਝ ਨਹੀਂ

ਪਰ ਉਸਨੂੰ ਪੂਰਾ ਯਕੀਨ ਸੀ

ਕਿ ਓਥੇ ਕੋਈ ਨਾ ਕੋਈ ਜਰੂਰ ਰਿਹਾ ਹੋਣਾ।

…………………………………………………………